# ਹੁਨ ਤੁਸੀ ਨਵਾਂ ਜਨਮ ਲਿਆ ਹੈ

**Chris Oyakhilome**

All scripture quotations in this volume are from the King James Version of the Bible unless otherwise indicated.

Second printing 2003

**ISBN 978–34658-7-2**

Published by:

LoveWorld Publishing Inc.

3, Adebayo Akande Street,
Oregun, Ikeja, Lagos, Nigeria.
Email: info@loveworldbooks.org
Website: www.loveworldbooks.org

.

**UNITED KINGDOM:**

Believers' LoveWorld
Unit C2, Thames View
Business Centre
Barlow Way, Rainham
Essex, RM13 8BT
Tel: +44(0)170 855 6604

**NIGERIA:**

Christ Embassy
Plot 97, Durumi District,
Abuja, Nigeria.
Nigeria:
LoveWorld Conference Center
Kudirat Abiola Way, Oregun
P.O. Box 13563 Ikeja, Lagos.
Tel: +234-808 586 5700,
+234-817 198 7339
+234-802 478 9892-3

**USA:**

Christ Embassy Houston
8623 Hemlock Hill Drive
Houston Texas 77083
Tel: +1 281 759 5111;
+1 281 759 6218

**USA:**

Christ Embassy Int'l Office
200 E Arrowhead Drive
Suite W-3

Charlotte, NC 28213
Tel: +1-972-255-1787,
+1-704-780-4970

**SOUTH AFRICA:**
303, Pretoria Avenue
Cnr. Harley and Braam Fischer, Randburg,
Gauteng South Africa.
Tel: +27 11 3260971
+27 11 3260972

**CANADA**
600 Clayson Road,
North York Toronto M9M 2H2 Canada
Tel/Fax:+1-416-746 5080

email: info@loveworldbooks.org

website: www.loveworldbooks.org
© copyright 1999
LoveWorld Publishing

All rights reserved. Reproduction in whole or in part without express written permission of **LoveWorld Publishing** is prohibited.

ਸਮੱਗਰੀ

**1.ਅਸਲ ਤੁਸੀਂ!**

**2.ਤੁਸੀਂ ਇੱਕ ਨਵੀਂ ਸਿਰਜਣਾ ਹੋ!**

**3.ਤੁਹਾਡੇ ਕੋਲ ਪਰਮੇਸ਼ੁਰ ਦਾ ਸੁਭਾਅ ਅਤੇ ਜੀਵਨ ਹੈ!**

**4.ਤੁਸੀਂ ਪਰਮੇਸ਼ੁਰ ਦੀ ਧਾਰਮਿਕਤਾ ਹੋ!**

**5.ਤੁਸੀਂ ਬੇਕਸੂਰ ਹੋ!**

**6.ਤੁਸੀਂ ਪਵਿਤਰ ਹੋ!**

**7.ਤੁਸੀ ਮੁਕਤ ਕਰਾਏ ਗਏ ਹੋ!**

**8.ਤੁਹਾਡੇ ਵਿੱਚ ਪਰਮੇਸ਼ੁਰ ਦੀ ਆਤਮਾ ਰਹਿੰਦਾ ਹੈ!**

**9. ਜਦੋ *ਗ਼ਲਤ ਵਿਚਾਰ ਤੁਹਾਡੇ ਮਨ ਵਿਚ ਆਉਂਦੇ ਹਨ* ਤੁਸੀਂ ਕੀ ਕਰਦੇ ਹੋ?**

**10. ਜਦੋ ਪੁਰਾਣੇ ਦੋਸਤ ਤੁਹਾਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਤੁਸੀਂ ਕੀ ਕਰਦੇ ਹੋ?**

**11.ਜਦੋਂ ਅੱਤਿਆਚਾਰ ਅਤੇ ਕਸ਼ਟ ਆਉਂਦੇ ਹਨ ਤੁਸੀਂ ਕੀ ਕਰਦੇ ਹੋ?**

**12.ਪਵਿੱਤਰ ਆਤਮਾ ਅਤੇ ਤੁਸੀਂ!**

**13.ਤੁਹਾਨੂੰ ਚਰਚ ਜਰੂਰ ਜਾਣਾ ਚਾਹੀਦਾ ਹੈ!**

*ਪਿਆਰੇ ਪਾਠਕੋ,*

ਅਨੰਤ ਜੀਵਨ ਦੇ ਮੁਫਤ ਤੋਹਫ਼ੇ ਲਈ ਤੁਹਾਨੂੰ ਮੁਬਾਰਕਾਂ ਜੋ ਤੁਸੀਂ ਪ੍ਰਾਪਤ ਕੀਤਾ ਜਦੋਂ ਤੁਸੀਂ ਯਿਸੂ ਮਸੀਹ ਨੂੰ ਆਪਣੇ ਪ੍ਰਭੂ ਅਤੇ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ।

ਮੈਂ ਤੁਹਾਡੇ ਨਾਲ ਉਨ੍ਹਾਂ ਸੱਚਾਈਆਂ ਨੂੰ ਸਾਂਝਾ ਕਰਨਾ ਚਾਹੁੰਦਾ ਹਾਂ ਜੋ ਮਸੀਹੀ ਜੀਵਨ ਲਈ ਬੁਨਿਆਦੀ ਹਨ; ਜਿਸ 'ਤੇ ਤੁਸੀਂ ਇਕ ਮਜ਼ਬੂਤ ਅਤੇ ਉੱਤੇਜਿਤ ਜ਼ਿੰਦਗੀ ਦਾ ਨਿਰਮਾਣ ਕਰ ਸਕਦੇ ਹੋ।ਇਸ ਪੁਸਤਕ ਨੂੰ ਲਗਨ ਨਾਲ ਅਧਿਐਨ ਕਰੋ ਅਤੇ ਇਹ ਤੁਹਾਡੇ ਲਈ ਅਨੰਤ ਉਪਜ ਦੇਵੇਗਾ।

ਮੈਂ ਪ੍ਰਾਰਥਨਾ ਕਰਦਾ ਹਾਂ ਪਰਮੇਸ਼ੁਰ ਤੁਹਾਨੂੰ ਆਤਮਾ ਦੇਵੇ ਜਿਹੜਾ ਤੁਹਾਨੂੰ ਸਿਆਣਾ ਬਣਾਉਂਦਾ ਹੈ ਅਤੇ ਤੁਹਾਨੂੰ ਆਪਣੇ ਬਾਰੇ ਗਿਆਨ ਦਿੰਦਾ ਹੈ, ਜਿਸਤੋਂ ਉਸਨੇ ਤੁਹਾਨੂੰ ਜਾਣੂ ਕਰਾਇਆ ਹੈ। ਮੈਂ ਪਰਮੇਸ਼ੁਰ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਉਹ ਤੁਹਾਨੂੰ ਤੁਹਾਡੇ ਹਿਰਦਿਆਂ ਵਿੱਚ ਸਮਝਦਾਰੀ ਦੇ ਸਕੇ। ਫ਼ੇਰ ਤੁਸੀਂ ਉਸ ਉਮੀਦ ਬਾਰੇ ਜਾਣ ਲਵੋਂਗੇ ਜਿਸ ਨੂੰ ਰੱਖਣ ਲਈ ਸਾਨੂੰ ਚੁਣਿਆ ਗਿਆ ਹੈ। ਤੁਸੀਂ ਜਾਣ ਜਾਵੋਂਗੇ ਕਿ

ਜਿਹੜੀਆਂ ਅਸੀਸਾਂ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਦੇਣ ਦਾ ਵਾਦਾ ਕੀਤਾ ਸੀ ਉਹ ਅਪਾਰ ਅਤੇ ਮਹਿਮਾਮਈ ਹਨ,ਆਮੀਨ।

ਇਹ ਪੁਸਤਕ ਤੁਹਾਨੂੰ ਮਸੀਹ ਯਿਸੂ ਵਿੱਚ ਆਪਣੀ ਨਵੀਂ ਜ਼ਿੰਦਗੀ ਅਰੰਭ ਕਰਨ ਵਿੱਚ ਸਹਾਇਤਾ ਕਰੇਗੀ।ਇਸ ਪੁਸਤਕ ਨੂੰ ਪੜਨ ਸਮਏ ਬਾਈਬਲ ਵਿੱਚੋਂ ਵਚਨ ਦੇਖੋ।

ਮੈਨੂੰ ਵਿਸ਼ਵਾਸ ਹੈ ਕਿ ਇਸ ਵਿਚਲਾ ਸੰਦੇਸ਼ ਤੁਹਾਡੀ ਜ਼ਿੰਦਗੀ ਨੂੰ ਬਦਲ ਦੇਵੇਗਾ ਅਤੇ ਤੁਹਾਡੇ ਭਵਿੱਖ ਨੂੰ ਪਰਮੇਸ਼ੁਰ ਦੇ ਵਚਨ ਦੇ ਸਿਧਾਂਤਾਂ ਦੇ ਅਨੁਸਾਰ ਬਣਾਉਣ ਵਿਚ ਸਹਾਇਤਾ ਕਰੇਗਾ।

ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਯਿਸੂ ਦੇ ਨਾਮ ਵਿੱਚ,

ਆਮੀਨ।

ਪਾਸਟਰ ਕ੍ਰਿਸ ਓਆਖਿਲੋਮ

# 1

# ਅਸਲ ਤੁਸੀਂ

ਤੁਸੀਂ ਉਸ ਸਰੀਰ ਨਾਲੋਂ ਵਧੇਰੇ ਹੋ ਜੋ ਤੁਸੀਂ ਦੇਖਦੇ ਹੋ। ਤੁਸੀਂ ਉਸ ਮਨ ਨਾਲੋਂ ਵਧੇਰੇ ਹੋ ਜੋ ਤੁਹਾਡੇ ਹੋਸ਼ ਰੱਖਦਾ ਹੈ (ਤੁਹਾਡੇ ਵੇਖਣ, ਸੁਣਨ, ਛੂਹਣ, ਸੁਆਦ ਅਤੇ ਗੰਧ ਦੀਆਂ ਭਾਵਨਾਵਾਂ)। ਤੁਹਾਡੇ ਅੰਦਰ, ਤੁਹਾਡੇ ਸਰੀਰ ਨਾਲੋਂ ਵੱਧ ਕੁਝ ਹੋਰ ਵੀ ਹੈ। ਇਹ ਆਤਮਾ ਹੈ, ਅਤੇ ਇਹ ਅਸਲ ਆਦਮੀ ਹੈ।

ਇਹ ਅੰਦਰੂਨੀ ਆਦਮੀ ਉਹ ਹੈ ਜਿਸ ਬਾਰੇ ਬਾਈਬਲ ਵਿਚ (1ਪਤਰਸ 3: 4) ਵਿਚ ਦੱਸਿਆ ਗਿਆ ਹੈ,**ਤੁਹਾਡੀ ਸੁੰਦਰਤਾ ਉਸ ਕੋਮਲਤਾ ਅਤੇ ਸ਼ਾਂਤ ਆਤਮਾ ਦੀ ਹੋਣੀ ਚਾਹੀਦੀ ਹੈ ਜੋ ਤੁਹਾਡੇ ਅੰਦਰੋਂ ਆਉਂਦੀ ਹੈ। ਇਹ ਸੁੰਦਰਤਾ ਕਦੀ ਵੀ ਫ਼ਿੱਕੀ ਨਹੀਂ ਪਵੇਗੀ**।ਜਦੋਂ ਮਨੁੱਖ ਦਾ ਸਰੀਰ ਮਰ ਜਾਂਦਾ ਹੈ, ਉਸਦੀ ਆਤਮਾ ਰਹਿੰਦੀ ਹੈ। ਉਹ ਅਜੇ ਵੀ ਉਨਾ ਹੀ ਮਨੁੱਖ ਹੈ ਜਿੰਨਾ ਉਹ ਮਰਨ ਤੋਂ ਪਹਿਲਾਂ ਸੀ; ਉਸਨੇ ਕੁਝ ਵੀ ਨਹੀਂ ਗੁਆਇਆ ਇਸ ਤੋਂ ਇਲਾਵਾ ਕਿ ਉਹ ਇਸ ਸੰਸਾਰ ਵਿੱਚ ਕੰਮ ਕਰਨ ਦੀ ਯੋਗਤਾ ਗੁਆ ਬੈਠਾ ਹੈ। ਉਸਦਾ ਸਰੀਰ ਮਰ ਸਕਦਾ ਹੈ, ਪਰ ਅਸਲ ਵਿਅਕਤੀ,ਆਤਮਕ ਆਦਮੀ ਨੂੰ ਮੌਤ ਤੋਂ ਬਾਅਦ ਵੀ ਸਾਰੀ ਸੁੱਧ ਰਹਿੰਦੀ ਹੈ।

ਯਿਸੂ ਮਸੀਹ ਨੇ ਲੂਕਾ ਦੇ 16 ਵੇਂ ਅਧਿਆਇ ਵਿਚ ਦੋ ਆਦਮੀਆਂ ਬਾਰੇ ਇਕ ਕਹਾਣੀ ਦੱਸੀ ਜੋ ਮਰ ਗਏ ਸਨ। ਉਂਨਾਂ ਵਿੱਚ ਇਕ ਲਾਜ਼ਰ ਨਾਂ ਦਾ ਭਿਖਾਰੀ ਸੀ। ਗੱਲ ਇਹ ਨਹੀਂ ਹੈ ਕਿ ਉਹ ਇਕ ਭਿਖਾਰੀ ਸੀ; ਪਰ ਇਹ ਕਿ ਭਾਵੇਂ ਉਹ ਗਰੀਬ ਸੀ,

ਉਹ ਇੱਕ ਸਾਫ਼ ਦਿੱਲ ਦਾ ਸੀ।ਜਦੋਂ ਉਹ ਮਰ ਗਿਆ, ਉਸਨੂੰ ਅਬਰਾਹਾਮ ਦੀ ਗੋਦ' ਵਿੱਚ ਲਿਜਾਇਆ ਗਿਆ। ਦੂਸਰਾ ਆਦਮੀ ਵੀ ਮਰ ਗਿਆ। ਉਹ ਆਦਮੀ ਸੰਸਾਰ ਵਿੱਚ ਅਮੀਰ ਰਿਹਾ ਸੀ, ਪਰ ਹਾਲਾਂਕਿ ਉਸਦੇ ਕੋਲ ਇਸ ਸੰਸਾਰ ਵਿੱਚ ਸਭ ਕੁਝ ਸੀ, ਪਰ ਉਹ ਇੱਕ ਧਰਮੀ ਜੀਵਨ ਨਹੀਂ ਜੀਉਂਦਾ ਸੀ। ਨੋਟ ਕਰੋ ਕਿ ਜਦੋਂ ਉਹ ਮਰ ਗਿਆ, ਤਾਂ ਉਸਦਾ ਸਰੀਰ ਧਰਤੀ 'ਤੇ ਦਫਨਾਇਆ ਗਿਆ, ਪਰ ਯਿਸੂ ਨੇ ਕਿਹਾ ਕਿ ਨਰਕ ਵਿਚ, ਉਸਨੇ ਆਪਣੀਆਂ ਅੱਖਾਂ ਸਵਰਗ ਵੱਲ ਚੁੱਕੀਆਂ ਅਤੇ ਲਾਜ਼ਰ ਨੂੰ ਅਬਰਾਹਾਮ ਦੀ ਗੋਦ ਵਿਚ ਵੇਖਿਆ ਅਤੇ ਉਸਨੇ ਲਾਜ਼ਰ ਨੂੰ ਪਛਾਣ ਲਿਆ। ਇਸਦਾ ਅਰਥ ਹੈ ਕਿ ਉਹ ਅਜੇ ਵੇਖ ਸਕਦਾ ਸੀ। ਫਿਰ ਉਸਨੇ ਅਬਰਾਹਿਮ ਨੂੰ ਬੁਲਾਇਆ 'ਕਿਰਪਾ ਕਰਕੇ ਮੇਰੀ ਸਹਾਇਤਾ ਕਰੋ' (ਤੁਸੀਂ ਦੇਖੋ, ਉਹ ਅਜੇ ਵੀ ਗੱਲ ਕਰ ਸਕਦਾ ਹੈ)। ਅਬਰਾਹਾਮ ਨੇ ਉਸ ਨਾਲ ਗੱਲ ਕੀਤੀ ਅਤੇ ਉਸਨੇ ਅਬਰਾਹਾਮ ਦੀ ਅਵਾਜ਼ ਸੁਣੀ; ਭਾਵ ਉਹ ਅਜੇ ਵੀ ਸੁਣ ਸਕਦਾ ਹੈ। ਆਦਮੀ ਨੇ ਕਿਹਾ ਕਿ ਉਹ ਅਜੇ ਵੀ ਪਿਆਸਾ ਸੀ, ਅਤੇ ਕੇਵਲ ਉਹ ਪਿਆਸਾ ਹੀ ਨਹੀਂ ਸੀ,ਉਹ ਕਸ਼ਟ ਵਿਚ ਸੀ। ਅਤੇ ਉਸਨੇ ਭੀਖ ਮੰਗਦਿਆਂ ਕਿਹਾ ; "**ਕਿਰਪਾ ਕਰਕੇ ਲਾਜ਼ਰ ਨੂੰ ਮੇਰੇ ਕੋਲ ਆਉਣ ਦਿਓ ਅਤੇ ਮੇਰੀ ਪਿਆਸ ਨੂੰ ਠੰਢਾ ਕਰਨ ਲਈ ਪਾਣੀ ਦੀ ਇੱਕ ਬੂੰਦ ਦਿਓ**; ਨੋਟ ਕਰੋ ਉਹ ਅਜੇ ਵੀ ਮਹਿਸੂਸ ਕਰ ਸਕਦਾ ਸੀ।

ਉਸਦੀਆਂ ਸਾਰੀਆਂ ਇੰਦਰੀਆਂ ਅਜੇ ਵੀ ਬਰਕਰਾਰ ਸਨ। ਦਰਅਸਲ, ਉਹ ਯਾਦ ਕਰ ਸਕਦਾ ਸੀ ਕਿਉਂਕਿ ਉਸਨੇ ਕਿਹਾ ਸੀ, 'ਕਿਰਪਾ ਕਰਕੇ, ਮੇਰੇ ਭਰਾਵਾਂ ਨੂੰ ਪ੍ਰਚਾਰ ਕਰਨ ਲਈ ਮੁਰਦਿਆਂ ਵਿੱਚੋਂ ਕਿਸੇ ਨੂੰ ਭੇਜੋ'। **ਉਸ ਨੇ ਕਿਹਾ ਕਿ ਉਸ ਦੇ ਧਰਤੀ ਉੱਤੇ ਪੰਜ ਭਰਾ ਸਨ 'ਸ਼ਾਇਦ ਜੇ ਕਬਰ ਤੋਂ ਕੋਈ ਉਨ੍ਹਾਂ ਦੇ ਮੁਰਦਿਆਂ ਵਿੱਚੋਂ**

**ਉਨ੍ਹਾਂ ਕੋਲ ਜਾਵੇ ਤਾਂ ਉਹ ਵਿਸ਼ਵਾਸ ਕਰਨਗੇ** । ਉਸਨੇ ਆਪਣੇ ਭਰਾਵਾਂ ਨੂੰ ਯਾਦ ਕੀਤਾ! ਇਹ ਤੁਹਾਨੂੰ ਦੱਸਦਾ ਹੈ ਕਿ ਮਨੁੱਖ ਦੀ ਆਤਮਾ ਜੀਉਂਦੀ ਹੈ। ਅਤੇ ਜਦੋਂ ਮਨੁੱਖ ਨਵਾਂ ਜਨਮ ਲੈਂਦਾ ਹੈ, ਇਹ ਉਸਦੀ ਮਨੁੱਖੀ ਆਤਮਾ ਦਾ ਨਵਾਂ ਜਨਮ ਹੁੰਦਾ ਹੈ।

**(2 ਕੁਰਿੰਥੀਆਂ 5: 17-18) ਕਹਿੰਦਾ ਹੈ, ਜੇਕਰ ਕੋਈ ਵੀ ਮਸੀਹ ਵਿੱਚ ਹੈ, ਉਹ ਨਵਾਂ ਬਣ ਗਿਆ ਹੈ। ਪੁਰਾਣੀਆਂ ਚੀਜ਼ਾਂ ਦੂਰ ਚਲੀਆਂ ਗਈਆਂ ਅਤੇ ਹੁਣ ਸਭ ਕੁਝ ਨਵਾਂ ਹੈ। ਇਹ ਸਾਰਾ ਕੁਝ ਪਰਮੇਸ਼ੁਰ ਵੱਲੋਂ ਹੈ। ਪਰਮੇਸ਼ੁਰ ਨੇ ਮਸੀਹ ਦੇ ਰਾਹੀਂ ਸਾਡੇ ਅਤੇ ਆਪਣੇ ਵਿਚਕਾਰ ਸ਼ਾਂਤੀ ਦਾ ਸੰਬੰਧ ਜੋੜਿਆ ਹੈ। ਅਤੇ ਪਰਮੇਸ਼ੁਰ ਨੇ ਸਾਨੂੰ ਲੋਕਾਂ ਅਤੇ ਉਸ ਵਿਚਕਾਰ ਸ਼ਾਂਤੀ ਬਨਾਉਣ ਦਾ ਕੰਮ ਦਿੱਤਾ ਹੈ।**

# 2

# ਤੁਸੀਂ ਇੱਕ ਨਵੀਂ ਸਿਰਜਣਾ ਹੋ

ਹੁਣ ਜਦੋਂ ਤੁਸੀਂ ਯਿਸੂ ਮਸੀਹ ਨੂੰ ਆਪਣਾ ਜਿਵਣ ਦਿੱਤਾ ਹੈ,ਤੁਸੀਂ ਉਸਨੂੰ ਆਪਣੀ ਜ਼ਿੰਦਗੀ ਦਾ ਮਾਲਕ ਬਣਾ ਦਿੱਤਾ ਹੈ। ਤੁਸੀਂ ਹੁਣ ਉਹ ਨਹੀਂ ਹੋ ਜੋ ਤੁਸੀਂ ਪਹਿਲਾਂ ਹੁੰਦੇ ਸੀ। ਤੁਸੀਂ ਅਜੇ ਵੀ ਉਹੀ ਬਾਹਰੀ ਤੌਰ ਤੇ ਦੇਖ ਸਕਦੇ ਹੋ, ਪਰ ਅੰਦਰੂਨੀ ਤੌਰ ਤੇ ਤੁਸੀਂ ਬਿਲਕੁਲ ਨਵੇਂ ਵਿਅਕਤੀ ਹੋ। ਬਾਈਬਲ ਇਹ ਕਹਿੰਦੀ ਹੈ। ਤੁਸੀਂ "ਨਵੇਂ ਜੀਵ ਵਰਗੇ "ਨਹੀਂ ਹੋ, ਪਰ "ਨਵੀਂ ਸਿਰਜਣਾ" – ਇਕ ਨਵਾਂ ਜੀਵ ਜੋ ਪਹਿਲਾਂ ਕਦੇ ਪੇਦਾ ਨਹੀਂ ਸੀ ਹੋਇਆਂ (2 ਕੁਰਿੰਥੀਆਂ 5:17)

ਤੁਹਾਡਾ ਸੁਧਾਰ, ਸਾਫ਼ ਸਫਾਈ ਜਾਂ ਫਿਰ ਤੁਹਾਨੂੰ ਨਵਾਂ ਨਹੀਂ ਕੀਤਾ ਗਿਆ; ਤੁਸੀਂ ਇਕ ਨਵੀਂ ਰਚਨਾ ਹੋ - ਇਕ ਨਵਾਂ ਵਿਅਕਤੀ। ਹਾਲਾਂਕਿ, ਅਸਲੀਅਤ ਵਿੱਚ ਤੁਸੀਂ ਅੰਦਰ ਇਕ ਨਵੀਂ ਰਚਨਾ ਹੋ, ਇਸ ਦਾ ਇਹ ਮਤਲਬ ਨਹੀਂ ਕਿ ਬਾਹਰੋਂ, ਤੁਸੀਂ ਵੱਖਰੇ ਦਿਖਾਈ ਦੇਵੋਗੇ। ਜੇ ਤੁਹਾਡੇ ਨਵੇਂ ਜਨਮ ਲੈਣ ਤੋਂ ਪਹਿਲਾਂ ਤੁਹਾਡੇ ਵਾਲ ਘੱਟ ਹੁੰਦੇ ਸਨ, ਜਾਂ ਅਕਾਰ ਛੋਟਾ ਸੀ; ਤੁਹਾਡੇ ਕੋਲ ਅਜੇ ਵੀ ਉਹੀ ਨੋਕਰੀ ਹੋਵੇਗੀ, ਪਰਿਵਾਰ ਅਤੇ ਗੁਆਂਢੀ।

ਹਾਲਾਂਕਿ, ਅਸਲੀਅਤ ਇਹ ਹੈ ਕਿ ਹੁਣ, ਤੁਹਾਡੀ ਕਦਰ ਬਦਲ ਗਈ ਹੈ; ਕਿਉਂਕਿ ਤੁਸੀਂ ਅੰਦਰੋਂ ਇੱਕ ਨਵਾਂ ਵਿਅਕਤੀ ਹੋ।

# 3

# ਤੁਹਾਡੇ ਕੋਲ ਪਰਮੇਸ਼ੁਰ ਦਾ ਸੁਭਾਅ ਅਤੇ ਜੀਵਨ ਹੈ

ਨਵਾਂ ਜਨਮ ਦੇ ਕੇ, ਪਰਮੇਸ਼ੁਰ ਨੇ ਤੁਹਾਨੂੰ ਆਪਣਾ ਬੱਚਾ ਬਣਨ ਦਾ ਹੱਕ ਦਿੱਤਾ ਹੈ (**ਯੁਹੰਨਾ1:12)** ਪਰਮੇਸ਼ੁਰ ਦਾ ਸੁਭਾਅ ਤੁਹਾਡੀ ਆਤਮਾ ਨੂੰ ਦਿੱਤਾ ਗਿਆ ਹੈ।ਤੁਹਾਡੇ ਕੋਲ ਹੁਣ ਨਵੀਂ ਜ਼ਿੰਦਗੀ ਹੈ; ਪਰਮੇਸ਼ੁਰ ਦਾ ਜੀਵਨ ਜੋ ਯਿਸੂ ਮਸੀਹ ਉਨ੍ਹਾਂ ਹਰੇਕ ਲਈ ਉਪਲਬਧ ਕਰਵਾਉਂਦਾ ਹੈ ਜੋ ਉਸ ਵਿੱਚ ਵਿਸ਼ਵਾਸ ਕਰਦੇ ਹਨ। ਕਿੰਨਾ ਵੱਡਾ ਸਨਮਾਨ! ਤੁਸੀਂ ਇਸ ਲਈ ਪਰਮੇਸ਼ੁਰ ਦੇ ਸੁਭਾਅ ਦੇ ਭਾਗੀਦਾਰ ਹੋ (2 ਪਤਰਸ 1:3-4)

ਪਰਮੇਸ਼ੁਰ ਹੁਣ ਤੁਹਾਡਾ ਪਿਤਾ ਹੈ! ਕਿਵੇਂ? ਪਰਮੇਸ਼ਰ ਦਾ ਸੁਭਾਵ ਤੁਹਾਨੂੰ ਨਵੇਂ ਜਨਮ ਦੁਆਰਾ ਦਿੱਤਾ ਗਿਆ ਹੈ; **ਯੂਹੰਨਾ 1:12-13 ਕਹਿੰਦਾ ਹੈ ਕੁਝ ਲੋਕਾਂ ਨੇ ਉਸਨੂੰ ਕਬੂਲ ਕੀਤਾ ਅਤੇ ਉਸ ਵਿੱਚ ਵਿਸ਼ਵਾਸ ਕੀਤਾ, ਉਸਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਬੱਚੇ ਹੋਣ ਦਾ ਹੱਕ ਦਿੱਤਾ, ਨਾ ਹੀ ਉਹ ਮਨੁੱਖਾਂ ਦੇ ਕੁਦਰਤੀ ਤਰੀਕੇ ਵਾਂਗ, ਨਾ ਹੀ ਸ਼ਰੀਰਕ ਇੱਛਾ ਨਾਲ, ਅਤੇ ਨਾ ਹੀ ਉਨ੍ਹਾਂ ਦੇ ਮਾਪਿਆਂ ਦੀ ਵਿਉਂਤ ਨਾਲ, ਜਨਮੇ ਸਨ। ਉਹ ਪਰਮੇਸ਼ੁਰ ਤੋਂ ਜਨਮੇ ਸਨ।**

ਉਹ ਤੁਹਾਡੇ ਵੱਲ ਮਾਪਿਆਂ ਵਾਲੀ ਸਮਝ ਰੱਖਦਾ ਹੈ। ਤੁਸੀਂ ਪਰਮੇਸ਼ੁਰ ਦੇ ਘਰਾਣੇ ਤੋਂ ਹੋ, ਅਤੇ ਤੁਸੀ ਸਵਰਗ ਦੇ ਨਾਗਰਿਕ ਹੋ ਜਿਥੇ ਪਰਮੇਸ਼ੁਰ ਵੱਸਦਾ ਹੈ। ਪਰਮੇਸ਼ੁਰ ਤੁਹਾਡੇ ਲਈ ਜ਼ਿੰਮੇਵਾਰੀ ਲੈਂਦਾ ਹੈ। ਉਹ ਤੁਹਾਡੀਆਂ ਸਾਰੀਆਂ ਜ਼ਰੂਰਤਾਂ ਨੂੰ ਮਸੀਹ ਯਿਸੂ ਦੁਆਰਾ ਸ਼ਾਨਦਾਰ ਅਮੀਰੀ ਦੇ ਅਨੁਸਾਰ ਪ੍ਰਦਾਨ ਕਰੇਗਾ (ਫ਼ਿਲਿੱਪੀਆਂ 4:19)। ਉਸ ਨੇ ਤੁਹਾਡੀ ਜਿੰਦਗੀ ਲਈ ਇਕ ਚੰਗੀ ਯੋਜਨਾ ਬਣਾਈ ਹੈ ਜੋ ਕਿ ਤੁਹਾਡੇ ਨਵੇਂ ਜਨਮ ਲੈਂਣ ਤੇ ਲਾਗੂ ਕਰ ਦਿੱਤੀ ਜਾਂਦੀ ਹੈ।ਤੁਸੀਂ ਇੱਕ ਪਿਆਰ ਕਰਨ ਵਾਲੇ ਪਰਮੇਸ਼ੁਰ ਦੇ ਪਿਆਰ ਕਰਨ ਵਾਲੇ ਬੱਚੇ ਹੋ, ਅਤੇ ਤੁਸੀਂ ਇੱਕ ਪਿਆਰ ਭਰੇ ਪਰਿਵਾਰ ਵਿੱਚ ਪੈਦਾ ਹੋਏ ਹੋ। ਇਹ ਬਹੁਤ ਮਹੱਤਵਪੂਰਨ ਹੈ। ਉਸਨੇ ਤੁਹਾਨੂੰ ਆਪਣੇ ਰਾਜ ਦੇ ਸਦੱਸ ਬਣਨ ਲਈ ਇਹ ਨਵੀਂ ਜ਼ਿੰਦਗੀ ਦਿੱਤੀ ਹੈ।

ਬਾਈਬਲ ਐਲਾਨ ਕਰਦੀ ਹੈ ਕਿ ਪਰਮੇਸ਼ੁਰ ਨੇ ਤੁਹਾਨੂੰ ਅਨੰਤਕਾਲ ਦਾ ਜੀਵਨ ਦਿੱਤਾ ਹੈ। ਇਹ ਉਹ ਜੀਵਨ ਹੈ ਜੋ ਪਰਮੇਸ਼ੁਰ ਦੇ ਅੰਦਰ ਹੈ, ਜੋ ਇਸਨੂੰ ਸੰਭਵ ਬਣਾਉਂਦਾ ਹੈ ਕਿ ਉਹ ਕੌਣ ਹੈ। ਇਹ ਪਰਮੇਸ਼ੁਰ ਦਾ ਜੀਵਨ ਹੈ। ਇਸ ਜੀਵਨ ਨੇ ਯਿਸੂ ਮਸੀਹ ਨੂੰ ਕਬਰ ਵਿੱਚ ਰੱਖਣਾ ਅਸੰਭਵ ਕਰ ਦਿੱਤਾ। ਅਤੇ ਇਹ ਪੁਨਰ-ਉਥਾਨ ਜੀਵਨ ਹੁਣ ਤੁਹਾਡੇ ਵਿੱਚ ਹੈ। **“ਅਤੇ ਇਹ ਸਾਖੀ ਹੈ ਜੋ ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਹੈ, ਅਤੇ ਇਹ ਜੀਵਨ ਉਸਦੇ ਪੁੱਤਰ ਵਿੱਚ ਹੈ। ਜਿਸ ਵਿਅਕਤੀ ਕੋਲ ਪੁੱਤਰ ਹੈ ਉਸ ਕੋਲ ਸੱਚਾ ਜੀਵਨ ਹੈ। ਪਰ ਜਿਸ ਕੋਲ ਪਰਮੇਸ਼ੁਰ ਦਾ ਪੁੱਤਰ ਨਹੀਂ ਹੈ ਉਸ ਕੋਲ ਸੱਚਾ ਜੀਵਨ ਨਹੀਂ ਹੈ। ਮੈਂ ਇਹ ਖਤ ਤੁਹਾਨੂੰ ਲਿਖ ਰਿਹਾ ਹਾਂ ਜਿਹੜੇ ਪਰਮੇਸ਼ੁਰ ਦੇ ਪੁੱਤਰ ਦੇ ਨਾਮ ਤੇ ਵਿਸ਼ਵਾਸ ਕਰਦੇ ਹਨ। ਤਾਂ ਜੋ ਤੁਸੀਂ ਜਾਣ ਸਕੋ ਕਿ**

**ਤੁਹਾਡੇ ਕੋਲ ਸਦੀਵੀ ਜੀਵਨ ਹੈ, ਅਤੇ ਤੁਸੀਂ ਪਰਮੇਸ਼ੁਰ ਦੇ ਪੁੱਤਰ ਦੇ ਨਾਮ ਤੇ ਵਿਸ਼ਵਾਸ ਕਰ ਸਕਦੇ ਹੋ। (1 ਯੂਹੰਨਾ 5: 11-13)**

ਜਿਸ ਕੋਲ ਪਰਮੇਸ਼ੁਰ ਦਾ ਪੁੱਤਰ ਹੈ ਉਸ ਕੋਲ ਇਹ ਜੀਵਨ ਹੈ, ਕਿਉਂਕਿ ਇਹ ਜ਼ਿੰਦਗੀ ਪਰਮੇਸ਼ੁਰ ਦੇ ਪੁੱਤਰ ਵਿੱਚ ਹੈ।ਜਦੋਂ ਤੁਸੀਂ ਉਸਨੂੰ ਪ੍ਰਾਪਤ ਕੀਤਾ, ਤੁਸੀਂ ਇਹ ਜੀਵਨ ਪ੍ਰਾਪਤ ਕੀਤਾ।

ਇਸ ਜੀਵਨ ਦੇ ਕਾਰਨ ਤੁਸੀ ਕਿਸੇ ਵੀ ਸਥਿਤੀ ਵਿੱਚ ਹਾਰ ਨਹੀਂ ਸਕਦੇ।ਇਹ ਹਮੇਸ਼ਾ ਤੁਹਾਨੂੰ ਉਪਰ ਰੱਖਦੀ ਹੈ। ਜ਼ਰਾ ਸੋਚੋ! ਪਰਮੇਸ਼ੁਰ ਲਈ ਨਾਸ਼ ਹੋਣਾ ਜਾਂ ਹਾਰਨਾ ਅਸੰਭਵ ਹੈ। ਹੁਣ ਤੁਹਾਡੇ ਕੋਲ ਉਸਦੀ ਜ਼ਿੰਦਗੀ ਹੈ: ਤੁਹਾਨੂੰ ਨਾਸ ਜਾਂ ਹਰਾਇਆ ਨਹੀਂ ਜਾ ਸਕਦਾ ਕਿਉਂਕਿ ਇਹੀ ਆਤਮਾ ਜਿਸਨੇ ਯਿਸੂ ਮਸੀਹ ਨੂੰ ਮੁਰਦੇ ਤੋਂ ਜਿਵਾਲਿਆ ਹੈ, ਤੁਹਾਡੇ ਵਿੱਚ ਵੱਸਦਾ ਹੈ (ਰੋਮੀਆਂ 8:11)

# 4

# ਤੁਸੀਂ ਪਰਮੇਸ਼ੁਰ ਦੀ ਧਾਰਮਿਕਤਾ ਹੋ

**2 ਕੁਰਿੰਥੀਆਂ 5:21 ਕਹਿੰਦਾ ਹੈ, " ਉਸ ਵਿੱਚ ਕੋਈ ਗੁਨਾਹ ਨਹੀਂ ਸੀ। ਪਰ ਪਰਮੇਸ਼ੁਰ ਨੇ ਉਸਨੂੰ ਗੁਨਾਹ ਬਣਾ ਦਿੱਤਾ। ਪਰਮੇਸ਼ੁਰ ਨੇ ਇਹ ਸਾਡੇ ਲਈ ਕੀਤਾ ਸੀ ਤਾਂ ਜੋ ਉਸ ਰਾਹੀਂ ਅਸੀਂ ਪਰਮੇਸ਼ੁਰ ਨਾਲ ਧਰਮੀ ਬਣ ਸਕਦੇ ਹਾਂ।"**

ਕਲਪਨਾ ਕਰੋ ਕਿ ਪਰਮੇਸ਼ੁਰ ਅਜਿਹਾ ਕਰ ਰਿਹਾ ਹੈ ਜਿਸ ਨੂੰ ਸੁਭਾਵ-ਟ੍ਰਾਂਸਪਲਾਂਟ ਕਿਹਾ ਜਾ ਸਕਦਾ ਹੈ। ਉਸ ਨੇ ਯਿਸੂ ਨੂੰ ਸਾਡੇ ਲਈ ਪਾਪ ਬਣਾ ਦਿੱਤਾ, ਤਾਂ ਜੋ ਅਸੀਂ ਉਸ ਵਿੱਚ ਪਰਮੇਸ਼ੁਰ ਦੇ ਧਰਮੀ ਬਣਾਏ ਜਾ ਸਕੀਏ।ਯਿਸੂ ਤੁਹਾਡੇ ਸਥਾਨ ਤੇ ਇੱਕ ਪਾਪੀ ਦੀ ਮੌਤ ਮਰਿਆ,ਨਤੀਜਾ ਇਹ ਹੋਇਆ ਹੈ ਕਿ ਤੁਸੀਂ ਹੁਣ ਬਿਨਾਂ ਕਿਸੇ ਦੋਸ਼, ਡਰ ਜਾਂ ਘਟੀਆ ਭਾਵਨਾ ਨਾਲ ਪਰਮੇਸ਼ੁਰ ਦੇ ਸਾਮ੍ਹਣੇ ਖੜ੍ਹੇ ਹੋ ਸਕਦੇ ਹੋ (ਇਬਰਾਨੀਆਂ 10:19, ਰੋਮੀਆਂ 5:1)

# 5

# ਤੁਸੀਂ ਬੇਕਸੂਰ ਹੋ

ਬੇਕਸੂਰ ਹੋਣ ਦਾ ਕੀ ਅਰਥ ਹੈ? ਇਸਦਾ ਅਰਥ ਹੈ ਕਸੂਰਵਾਰ ਨਾ ਠਹਿਰਾਇਆ ਜਾਣਾ। ਜਿੱਥੋਂ ਤਕ ਪਰਮੇਸ਼ੁਰ ਦੀ ਗੱਲ ਹੈ ਤੁਸੀਂ ਕਿਸੇ ਜੁਰਮ ਲਈ ਦੋਸ਼ੀ ਨਹੀਂ ਹੋ। ਬਾਈਬਲ ਕਹਿੰਦੀ ਹੈ,

**ਜੇਕਰ ਅਸੀਂ ਆਪਣੇ ਨਿਹਚੇ ਕਾਰਣ ਧਰਮੀ ਬਣਾਏ ਗਏ ਹਾਂ, ਤਾਂ ਸਾਡੀ ਆਪਣੇ ਪ੍ਰਭੂ, ਯਿਸੂ ਮਸੀਹ, ਰਾਹੀਂ ਪਰਮੇਸ਼ੁਰ ਨਾਲ ਸ਼ਾਂਤੀ ਹੈ। [ਰੋਮੀਆਂ ਨੂੰ 5:1]**

ਤੁਹਾਨੂੰ ਬੇਕਸੂਰ ਠਹਿਰਾਇਆ ਗਿਆ ਹੈ!

ਯਿਸੂ ਨੇ ਤੁਹਾਡੇ ਪਾਪਾਂ ਦੀ ਸਜ਼ਾ ਆਪਣੇ ਉੱਪਰ ਲਈ ਜਦੋਂ ਉਹ ਸਲੀਬ ਤੇ ਮਰਿਆ, ਹਾਲਾਂਕਿ ਉਹ ਕਿਸੇ ਪਾਪ ਦਾ ਦੋਸ਼ੀ ਨਹੀਂ ਸੀ (1 ਪਤਰਸ 2:22) ਇਸ ਲਈ ਪਰਮੇਸ਼ੁਰ ਹੁਣ ਤੁਹਾਡੇ ਗੁਨਾਹਾਂ ਨੂੰ ਚੇਤੇ ਨਹੀਂ ਰੱਖਦਾ।

**ਭਾਵ ਇਹ ਹੈ ਕਿ ਪਰਮੇਸ਼ੁਰ ਮਸੀਹ ਵਿੱਚ ਆਪਣੇ ਅਤੇ ਦੁਨੀਆਂ ਵਿਚਕਾਰ ਸ਼ਾਂਤੀ ਸਥਾਪਿਤ ਕਰ ਰਿਹਾ ਸੀ। ਮਸੀਹ ਵਿੱਚ ਪਰਮੇਸ਼ੁਰ ਨੇ ਲੋਕਾਂ ਨੂੰ ਉਨ੍ਹਾਂ ਦੇ ਗੁਨਾਹਾਂ ਦਾ ਜ਼ਿੰਮੇਦਾਰ ਨਹੀਂ ਠਹਿਰਾਇਆ। ਉਸਨੇ ਸਾਨੂੰ ਮੇਲ ਮਿਲਾਪ ਦਾ ਸੰਦੇਸ਼ ਦਿੱਤਾ। [2 ਕੁਰਿੰਥੀਆਂ ਨੂੰ 5:19]**

# 6
# ਤੁਸੀਂ ਪਵਿਤਰ ਹੋ

ਚਲੋ ਇਕ ਪਲ ਲਈ ਕਲਪਨਾ ਕਰੋ ਕਿ ਤੁਸੀਂ ਇਕ ਟੋਏ ਵਿੱਚ ਡਿੱਗ ਪਏ, ਤੁਸੀਂ ਬਹੁਤ ਗੰਦੇ ਹੋ ਗਏ ਅਤੇ ਕਿਸੇ ਨੇ ਆ ਕੇ ਤੁਹਾਨੂੰ ਬਚਾਇਆ - ਅਰਥਾਤ, "ਤੁਹਾਨੂੰ ਖਾਈ ਤੋਂ ਬਾਹਰ ਕੱਿਡਆ।ਅਗਲਾ ਕੰਮ ਜੋ ਤੁਸੀਂ ਕਰਨਾ ਸੀ ਉਹ ਹੈ ਆਪਣੇ ਆਪ ਨੂੰ ਸਾਫ਼ ਕਰਨਾ। ਦੂਜੇ ਸ਼ਬਦਾਂ ਵਿਚ, "ਤੁਸੀਂ ਪੂਰੀ ਤਰਾਂ ਸਾਫ਼ ਹੋ ਜਾਓ" ਅਤੇ ਇਸ ਵਿਚ ਸਮਾਂ ਅਤੇ ਮਿਹਨਤ ਦੀ ਜ਼ਰੂਰਤ ਹੈ।

**(1ਕੁਰਿੰਥੀਆਂ 6: 11)"ਅਤੀਤ ਵਿੱਚ ਤੁਹਾਡੇ ਵਿੱਚੋਂ ਵੀ ਕੋਈ ਅਜਿਹੇ ਹੀ ਸਨ। ਪਰ ਤੁਹਾਨੂੰ ਧੋਕੇ ਸਾਫ਼ ਕਰ ਦਿੱਤਾ ਗਿਆ ਸੀ, ਤੁਹਾਨੂੰ ਪਵਿੱਤਰ ਬਣਾਇਆ ਗਿਆ ਹੈ ਅਤੇ ਤੁਹਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਦੁਆਰਾ ਪਰਮੇਸ਼ੁਰ ਨਾਲ ਧਰਮੀ ਬਣਾਇਆ ਗਿਆ ਹੈ।**

ਪਵਿੱਤਰਤਾ ਦੋ ਭਾਗ ਵਿੱਚ ਹੈ:

ਪਹਿਲਾਂ, ਪਰਮੇਸ਼ੁਰ ਤੁਹਾਨੂੰ ਖਾਈ ਤੋਂ ਬਾਹਰ ਕੱਡਦਾ ਹੈ, ਇਸਦਾ ਅਰਥ ਹੈ ਕਿ ਤੁਸੀਂ ਨਵਾਂ ਜਨਮ ਲੈਂਦੇ ਹੋ।

ਦੂਸਰਾ ਭਾਗ ਬਾਈਬਲ ਤੁਹਾਨੂੰ ਪਵਿੱਤਰ ਐਲਾਣਾ ਕਰਦੀ ਹੈ,ਪਰਮੇਸ਼ੁਰ ਲਈ ਤੁਹਾਨੂੰ ਸੰਸਾਰ ਤੋਂ ਅਲੱਗ ਕਰਦੀ ਹੈ।ਹੁਣ ਤੁਸੀਂ ਆਪਣੇ ਮਨਾਂ ਨੂੰ ਪਰਮੇਸ਼ੁਰ ਦੇ ਵਚਨਾਂ ਨਾਲ ਸਾਫ਼ ਕਰੋ।

**[ਰੋਮੀਆਂ ਨੂੰ 12-2] ਆਪਣੇ ਆਪ ਨੂੰ ਇਸ ਦੁਨੀਆਂ ਦੇ ਲੋਕਾਂ ਵਰਗਾ ਨਾ ਬਣਾਓ, ਪਰ ਆਪਣੇ ਮਨਾਂ ਨੂੰ ਬਦਲੋ ਅਤੇ ਇੱਕ ਨਵੇਂ ਢੰਗ ਨਾਲ ਸੋਚੋ ਤਾਂ ਜੋ ਤੁਸੀਂ ਪਛਾਣ ਸਕੋ ਅਤੇ ਪਰਮੇਸ਼ੁਰ ਦੀ ਇੱਛਾ ਕਬੂਲ ਕਰ ਸਕੋਂ। ਤੁਸੀਂ ਜਾਨਣ ਯੋਗ ਹੋਵੋਂਗੇ ਕਿ ਕਿਹੜੀਆਂ ਗੱਲਾਂ ਚੰਗੀਆਂ ਹਨ ਅਤੇ ਪਰਮੇਸ਼ੁਰ ਨੂੰ ਪ੍ਰਸੰਨ ਕਰਦੀਆਂ ਹਨ, ਅਤੇ ਕਿਹੜੀਆਂ ਗੱਲਾਂ ਸਹੀ ਹਨ।**

ਤੁਹਾਡੇ ਮਨ ਦਾ ਬਦਲਾਵ ਇੱਕ ਨਿਰੰਤਰ ਕੰਮ ਹੈ।ਤੁਹਾਡੇ ਮਨ ਨੂੰ ਇਸ ਤਰੀਕੇ ਨਾਲ ਸੋਚਣ ਦੀ ਸਿਖਲਾਈ ਦਿੱਤੀ ਗਈ ਸੀ ਕਿ ਵਿਸ਼ਵਾਸੀ ਹੋਨ ਤੋਂ ਪਹਿਲਾਂ ਚੀਜ਼ਾਂ ਨੂੰ ਸਰੀਰਕ ਤੌਰ 'ਤੇ ਵੇਖਦੇ ਸੀ। ਹੁਣ, ਆਪਣੇ ਮਨ ਨੂੰ ਨਵੀ ਸੋਚ ਦੁਆਰਾ,ਚੀਜ਼ਾਂ ਨੂੰ ਪਰਮੇਸ਼ਰ ਦੇ ਤਰੀਕੇ ਨਾਲ ਵੇਖਦੇ ਹੋ।ਫਿਰ ਤੁਸੀਂ ਪਰਮੇਸ਼ੁਰ ਦੇ ਸ਼ਬਦ, ਪਰਮੇਸ਼ੁਰ ਦੇ ਤਰੀਕੇ ਬੋਲੋਗੇ ਅਤੇ ਨਤੀਜੇ ਪ੍ਰਾਪਤ ਕਰੋਗੇ।

# 7

# ਤੁਸੀ ਮੁਕਤ ਕਰਾਏ ਗਏ ਹੋ!

**ਤੁਸੀਂ ਪਿਤਾ ਦਾ ਸ਼ੁਕਰਾਨਾ ਕਰੋਂਗੇ। ਉਸਨੇ ਤੁਹਾਨੂੰ ਉਹ ਚੀਜ਼ਾਂ ਹਾਸਿਲ ਕਰਨ ਦੇ ਸਮਰਥ ਬਣਾਇਆ ਹੈ ਜਿਹੜੀਆਂ ਉਸਨੇ ਤੁਹਾਡੇ ਲਈ ਤਿਆਰ ਕੀਤੀਆਂ ਹਨ। ਉਸਨੇ ਇਹ ਸਭ ਚੀਜ਼ਾਂ ਆਪਣੇ ਉਨ੍ਹਾਂ ਲੋਕਾਂ ਲਈ ਤਿਆਰ ਕੀਤੀਆਂ ਹਨ ਜਿਹੜੇ ਰੌਸ਼ਨੀ ਵਿੱਚ ਰਹਿੰਦੇ ਹਨ। ਪਰਮੇਸ਼ੁਰ ਨੇ ਸਾਨੂੰ ਉਸ ਸ਼ਕਤੀ ਤੋਂ ਮੁਕਤ ਕਰਾਇਆ ਜਿਹੜੀ ਹਨੇਰੇ ਤੇ ਸ਼ਾਸਨ ਕਰਦੀ ਹੈ। ਅਤੇ ਸਾਨੂੰ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਲਿਆਇਆ।[ਕੁਲੁੱਸੀਆਂ 1:12-13]**

ਜਿਸ ਪਲ ਤੋਂ ਤੁਸੀਂ ਆਪਣੀ ਜ਼ਿੰਦਗੀ ਪਰਮੇਸ਼ੁਰ ਯਿਸੂ ਮਸੀਹ ਨੂੰ ਦਿੱਤੀ ਸੀ, ਉਸੇ ਸਮੇਂ ਤੋਂ ਤੁਸੀਂ ਪਰਮੇਸ਼ੁਰ ਦੇ ਰਾਜ ਦੇ ਮੈਂਬਰ ਬਣ ਗਏ।ਦੂਜੇ ਸ਼ਬਦਾਂ ਵਿਚ ਕੋਈ ਵੀ ਭੂਤ ਜੋ ਨਰਕ ਤੋਂ ਬਾਹਰ ਆਇਆ ਹੈ ’ਤੁਹਾਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਤੁਸੀਂ ਹਰ ਇਕ ਇਕਰਾਰਨਾਮੇ ਤੋਂ ਮੁਕਤ ਹੋ, ਜਿਸ ਬਾਰੇ ਤੁਸੀਂ ਕਦੇ ਜਾਣੇ ਜਾਂ ਅਣਜਾਣੇ ਵਿਚ ਦਾਖਲ ਹੋਏ ਸੀ।ਤੁਸੀਂ ਹਰ ਆਦਤ, ਪਾਪ,ਰੋਗ ਜਾਂ ਬਿਮਾਰੀ ਤੋਂ ਮੁਕਤ ਹੋ ਜਿਸ ਨੇ ਤੁਹਾਨੂੰ ਕਦੇ ਬੰਨ੍ਹਿਆ ਹੋਇਆ ਸੀ ਕਿਉਂ ?ਕਿਉਂਕਿ ਤੁਹਾਨੂੰ ਹਨੇਰੇ ਦੀਆਂ ਸ਼ਕਤੀਆਂ ਤੋਂ ਬਚਾ ਲਿਆ ਗਿਆ ਹੈ।

ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਨੇ ਤੁਹਾਨੂੰ ਹਨੇਰੇ ਦੇ ਵੱਸ ਅਤੇ ਰਾਜ ਤੋਂ ਛੁਟਕਾਰਾ ਦਿੱਤਾ ਹੈ ਅਤੇ ਤੁਹਾਨੂੰ ਉਸਨੇ ਆਪਣੇ ਰਾਜ ਵਿੱਚ ਲਿਆਂਦਾ ਹੈ। ਤੁਹਾਨੂੰ ਦੁਬਾਰਾ ਕਦੇ ਵੀ ਡਰਨ ਦੀ ਜ਼ਰੂਰਤ ਨਹੀ।ਯਹੋਵਾਹ ਮੇਰਾ ਚਰਵਾਹਾ ਹੈ, ਮੈਨੂੰ ਕਦੇ ਵੀ ਕਿਸੇ ਚੀਜ਼ ਦੀ ਕੋਈ ਤੋਂਟ ਨਹੀਂ ਆਵੇਗੀ। [ਜ਼ਬੂਰ 23:1]

ਬਾਈਬਲ ਕਹਿੰਦੀ ਹੈ ਕਿ **"ਇਸ ਲਈ ਜੇਕਰ ਤੁਹਾਨੂੰ ਪੁੱਤਰ ਅਜ਼ਾਦ ਕਰ ਦਿੰਦਾ ਹੈ ਤਾਂ ਤੁਸੀਂ ਸੱਚ-ਮੁੱਚ ਆਜ਼ਾਦ ਹੋ ਜਾਵੋਂਗੇ" [ਯੂਹੰਨਾ 8-36]**
ਪਰਮੇਸ਼ੁਰ ਨੇ ਤੁਹਾਨੂੰ ਆਪਣੇ ਰਾਜ ਵਿੱਚ ਲੇ ਆਉਂਦਾ ਹੈ, ਜਿੱਥੇ ਤੁਸੀਂ ਹੁਣ ਹੋ। ਇਹ ਉਹ ਜਗ੍ਹਾ ਹੈ ਜਿੱਥੋਂ ਦੇ ਤੁਸੀਂ ਵਸਨੀਕ ਹੋ।ਤੁਸੀਂ ਹਨੇਰੇ ਦੀ ਸ਼ਕਤੀ ਤੋਂ ਬਚਾਏ ਗਏ ਹੋ।

# 8
# ਤੁਹਾਡੇ ਵਿੱਚ ਪਰਮੇਸ਼ੁਰ ਦੀ ਆਤਮਾ ਰਹਿੰਦਾ ਹੈ

ਇਸ ਨਵੀਂ ਜਿੰਦਗੀ ਦਾ ਇਕ ਹੋਰ ਮਹਾਨ ਹਿੱਸਾ ਇਹ ਹੈ ਕਿ ਪਰਮੇਸ਼ੁਰ ਦੀ ਆਤਮਾ ਤੁਹਾਡੇ ਅੰਦਰ ਵੱਸਣ ਲਈ ਆਉਂਦਾ ਹੈ।ਜਦੋਂ ਪਰਮੇਸ਼ੁਰ ਦੀ ਆਤਮਾ ਤੁਹਾਡੇ ਵਿੱਚ ਆਪਣਾ ਨਿਵਾਸ ਲੈਂਦਾ ਹੈ, ਤਾਂ ਉਹ ਤੁਹਾਨੂੰ ਪਰਮੇਸ਼ੁਰ ਦੇ ਵਚਨ ਤੇ ਪ੍ਰਕਾਸ਼ਮਾਨ ਕਰਦਾ ਹੈ ਅਤੇ ਉਹ ਤੁਹਾਨੂੰ ਵਚਨ ਤੇ ਨਵੀਂ ਸਮਝ ਪ੍ਰਦਾਨ ਕਰਦਾ ਹੈ।

ਇਸ ਲਈ ਜਦੋਂ ਤੁਸੀਂ ਬਾਈਬਲ ਦਾ ਅਧਿਐਨ ਕਰਦੇ ਹੋ, ਤਾਂ ਤੁਹਾਨੂੰ ਆਪਣੀ ਆਤਮਾ ਵਿਚ ਇਕ ਨਵੀਂ ਸਮਝ ਆਉਂਦੀ ਹੈ।

ਪਵਿੱਤਰ ਆਤਮਾ ਤੁਹਾਨੂੰ ਪਰਮੇਸ਼ੁਰ ਦੇ ਵਚਨ ਦੀ ਯਾਦ ਕਰਾਂਦਾ ਹੈ (ਯੂਹੰਨਾ 14:26)। ਇਸ ਤੋਂ ਇਲਾਵਾ, ਉਹ ਤੁਹਾਨੂੰ ਯਿਸੂ ਮਸੀਹ ਦੀ ਖੁਸ਼ਖਬਰੀ ਦਾ ਪ੍ਰਭਾਵਸ਼ਾਲੀ ਗਵਾਹ ਬਣਨ ਦੀ ਸ਼ਕਤੀ ਦਿੰਦਾ ਹੈ।

**ਅਤੇ ਤੁਸੀਂ ਮੇਰੇ ਗਵਾਹ ਹੋਵੋਂਗੇ। ਸਭ ਤੋਂ ਪਹਿਲਾਂ ਤੁਸੀਂ ਯਰੂਸ਼ਲਮ ਦੇ ਲੋਕਾਂ ਨੂੰ ਮੇਰੇ ਬਾਰੇ ਦੱਸੋਂਗੇ ਤੇ ਉਸਤੋਂ ਬਾਦ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ, ਅਤੇ ਹੋਰ ਸਾਰੀ ਧਰਤੀ ਦੇ ਹਿਸਿਆਂ ਵਿੱਚ ਮੇਰੇ ਬਾਰੇ ਗਵਾਹ ਹੋਵੋਂਗੇ।" [ਰਸੂਲਾਂ ਦੇ ਕਰਤੱਬ 1:8]**

# 9

# ਜਦੋਂ *.ਗਲਤ ਵਿਚਾਰ ਤੁਹਾਡੇ ਮਨ ਵਿਚ ਆਉਂਦੇ ਹਨ* ਤੁਸੀਂ ਕੀ ਕਰਦੇ ਹੋ!

ਨਵਾਂ ਜਨਮ ਲੈਣਾ ਤੁਹਾਨੂੰ ਅਜਮਾਇਸ਼ ਵਿੱਚ ਪੈਣ ਤੋਂ ਨਹੀਂ ਰੋਕਦਾ, ਪਰ ਆਪਣੇ ਆਪ ਨੂੰ ਅਜਮਾਇਸ਼ ਤੋਂ ਬਚਾਉਣਾ ਚਾਹੀਦਾ ਹੈ।
ਬਾਈਬਲ ਸਿਖਾਉਂਦੀ ਹੈ ਕਿ ਜਦੋਂ ਵੀ ਸਾਡੀ ਪਰਖ ਹੁੰਦੀ ਹੈ, ਪਰਮਾਤਮਾ ਹਮੇਸ਼ਾਂ ਬਚਣ ਦੀ ਰਾਹ ਖੋਲ੍ਹਦਾ ਹੈ (1 ਕੁਰਿੰਥੀਆਂ 10:13) ਇਸ ਲਈ ਜਦੋਂ ਤੁਹਾਡੇ ਦਿਮਾਗ ਵਿਚ ਗਲਤ ਵਿਚਾਰ ਆਉਂਦੇ ਹਨ, ਤੁਸੀ ਇਹ ਲਾਜ਼ਮੀ ਕਰੋ:-

(1) ਯਾਦ ਰੱਖੋ ਕਿ ਤੁਸੀਂ ਨਵੀਂ ਸਰਿਸ਼ਟੀ ਹੋ

ਗਲਤ ਵਿਚਾਰ ਤੁਹਾਡੇ ਕੋਲ ਸ਼ੈਤਾਨ ਦੁਆਰਾ ਆਉਂਦੇ ਹਨ ।ਤੁਸੀਂ ਉਨ੍ਹਾਂ ਨੂੰ ਆਪਣੇ ਦਿਮਾਗ ਵਿਚ ਨਹੀਂ ਬਣਾਉਂਦੇ ,ਖ਼ਾਸਕਰ ਹੁਣ ਜਦੋਂ ਤੁਸੀਂ ਨਵਾਂ ਜਨਮ ਲਿਆ ਹੈ ਬਾਈਬਲ ਕਹਿੰਦੀ ਹੈ ਕਿ ਸਾਡੇ ਕੋਲ (ਨਵਾਂ ਜਨਮ ਲੈਣ ਵਾਲੇ ਵਿਸ਼ਵਾਸੀ) ਮਸੀਹ ਦਾ ਮਨ ਹੈ (1 ਕੁਰਿੰਥੀਆਂ 2:16) ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹੁਣ ਤੁਸੀਂ ਕੌਣ ਹੋ, ਇੱਕ ਨਵੀਂ ਰਚਨਾ! ਪਰਮੇਸ਼ੁਰ ਹਮੇਸ਼ਾ ਚਾਹੁੰਦਾ ਹੈ ਕਿ ਅਸੀਂ ਯਾਦ ਰੱਖੀਏ ਕਿ

ਅਸੀਂ ਨਵੀਆਂ ਰਚਨਾਵਾਂ ਹਾਂ, ਅਤੇ ਉਸਨੇ ਸਾਨੂੰ ਨਵਾਂ ਜੀਵਨ ਦਿੱਤਾ ਹੈ।ਇਹ ਨਵੀਂ ਜਿੰਦਗੀ ਉਹ ਹੈ ਜਿਸ ਵਿੱਚ ਤੁਹਾਨੂੰ ਵਿਸ਼ਵਾਸ ਕਰਨਾ ਹੈ।

(2) ਆਗਿਆਕਾਰੀ ਬਣੋ

ਪਰਮੇਸ਼ੁਰ ਦਾ ਕਹਿਣਾ ਮੰਨੋ! ਮੰਨ ਲਓ ਕਿ ਤੁਹਾਨੂੰ ਗਲਤ ਆਦਤ ਦੀ ਸੋਚ ਆਉਂਦੀ ਹੈ। ਇਸ ਸੋਚ ਦਾ ਇੰਨਾਂ ਦਬਾਅ ਹੈ ਕਿ ਉਹ ਗਲਤ ਕੰਮ ਕਰਨ ਲਈ ਆਖਦੀ ਹੈ।ਤੁਸੀਂ ਸ਼ਾਇਦ ਗਲਤ ਕੰਮ ਨੂੰ ਕਰਨ ਦੀ ਕੋਸ਼ਿਸ਼ ਕਰਦੇ ਹੋ।ਪਰ ਜਦੋਂ ਤੁਸੀਂ ਯਾਦ ਕਰਦੇ ਹੋ ਕਿ ਤੁਸੀਂ ਨਵਾਂ ਜਨਮ ਲਿਆ ਹੈ;ਨਵੇਂ ਵਿਅਕਤੀ ਹੋ, ਤੁਹਾਡੇ ਕੋਲ ਅਚਾਨਕ ਇਸ ਸੋਚ ਨੂੰ ਬਾਹਰ ਕੱਡਣ ਦੀ ਹਿੰਮਤ ਅਤੇ ਦਲੇਰੀ ਆਉਂਦੀ ਹੈ।ਪਰਮੇਸ਼ੁਰ ਦੀ ਆਗਿਆ ਮੰਨੋ।ਤੁਸੀਂ ਦੇਖੋਗੇ, ਨਵੇਂ ਜਨਮ ਲੈਣ ਦਾ ਮਤਲਬ ਇਹ ਨਹੀਂ ਹੈ ਕਿ ਗ਼ਲਤ ਵਿਚਾਰ ਤੁਹਾਡੇ ਕੋਲ ਨਹੀਂ ਆਉਂਦੇ ਪਰ ਖ਼ਾਸ ਗੱਲ ਇਹ ਹੈ ਕਿ ਤੁਹਾਨੂੰ ਗਲਤ ਸੋਚ ਦੇ ਵੱਸ ਵਿੱਚ ਨਹੀਂ ਆਨਾ। ਉਨ੍ਹਾਂ ਤੋਂ ਇਨਕਾਰ ਕਰੋ! ਕਿਸੇ ਨੇ ਸਹੀ ਕਿਹਾ ਹੈ, 'ਤੁਸੀਂ ਪੰਛੀਆਂ ਨੂੰ ਆਪਣੇ ਸਿਰ ਤੋਂ ਉੱਡਣ ਤੋਂ ਨਹੀਂ ਰੋਕ ਸਕਦੇ, ਪਰ ਤੁਸੀਂ ਉਨ੍ਹਾਂ ਨੂੰ ਉਥੇ ਆਲ੍ਹਣਾ ਬਣਾਉਣ ਤੋਂ ਨਹੀਂ ਰੋਕ ਸਕਦੇ।

ਹੋ ਸਕਦਾ ਹੈ ਕਿ ਤੁਸੀਂ ਇਨ੍ਹਾਂ ਵਿਚਾਰਾਂ ਨੂੰ ਤੁਹਾਡੇ ਕੋਲ ਆਉਣ ਤੋਂ ਨਾ ਰੋਕ ਸਕਦੇ ਹੋਵੋ ਕਿਉਂਕਿ ਇਹ ਇਕ ਬਾਹਰੀ ਸ਼ਕਤੀ ਹੈ ਪਰ ਤੁਸੀਂ ਉਨ੍ਹਾਂ ਨੂੰ ਆਪਣੇ ਅੰਦਰ ਰਹਿਣ ਤੋਂ ਰੋਕ ਸਕਦੇ ਹੋ। ਗ਼ਲਤ ਵਿਚਾਰਾਂ ਨੂੰ ਆਪਣੇ ਨਾਲ ਠਹਿਰਣ ਨਾ ਦਿਓ, ਉਨ੍ਹਾਂ ਨੂੰ ਤੁਹਾਡੇ ਉੱਤੇ ਹਾਵੀ ਹੋਣ ਜਾਂ ਮੁਹਾਰਤ ਨਾ ਪਾਉਣ ਦਿਓ। ਇਹਨਾ ਨੂੰ ਤੁਸੀਂ ਸਹੀ ਚੀਜ਼ਾਂ ਬਾਰੇ ਸੋਚ ਕੇ ਰੋਕ ਸਕਦੇ ਹੋ। (ਫ਼ਿਲਿੱਪੀਆਂ 4: 8)

ਮੰਨ ਲਓ ਕਿ ਤੁਸੀਂ ਇੱਕ ਮੰਚ ਕਲਾਕਾਰ ਜਾਂ ਪ੍ਰਦਰਸ਼ਨ ਕਰਨ ਵਾਲੇ ਹੋ ਅਤੇ ਤੁਸੀਂ ਇੱਕ ਔਰਤ ਦੀ ਭੂਮਿਕਾ ਨਿਭਾਉਣੀ ਹੈ, ਹਾਲਾਂਕਿ ਤੁਸੀਂ ਅਸਲ ਵਿੱਚ ਇੱਕ ਆਦਮੀ ਹੋ। ਤੁਸੀਂ ਇੱਕ ਔਰਤ ਦਾ ਪਹਿਰਾਵਾ ਅਤੇ ਵਿੱਗ: ਪਾਓਗੇ ਅਤੇ ਪ੍ਰਦਰਸ਼ਨ ਕਰੋਗੇ ਅਤੇ ਇੱਕ ਔਰਤ ਵਾਂਗ ਗੱਲ ਕਰੋਗੇ, ਪਰ ਐਕਟ ਦੇ ਅੰਤ ਵਿੱਚ ਤੁਸੀਂ ਇਹ ਨਹੀਂ ਭੁੱਲੋਗੇ ਕਿ ਤੁਸੀਂ ਇੱਕ ਆਦਮੀ ਹੋ। ਤੁਸੀਂ ਸਟੇਜ ਤੋਂ ਉਤਰ ਕੇ ਡ੍ਰੈਸਿੰਗ ਰੂਮ ਬਦਲਣ ਲਈ ਜਾਂਦੇ ਹੋ।ਜਦੋਂ ਤੁਸੀਂ ਸੋਮਵਾਰ ਦੀ ਸਵੇਰ ਨੂੰ ਕੰਮ ਤੇ ਜਾਣ ਲਈ ਜਾਂਦੇ ਹੋ, ਤੁਸੀਂ ਨਹੀਂ ਭੁੱਲਦੇ ਕਿ ਤੁਸੀਂ ਸੱਚਮੁੱਚ ਇੱਕ ਆਦਮੀ ਹੋ।ਤੁਸੀਂ ਇਕ ਆਦਮੀ ਵਾਂਗ ਗੱਲਾਂ ਕਰਦੇ ਹੋ ਅਤੇ ਇੱਕ ਆਦਮੀ ਵਾਂਗ ਰਹਿੰਦੇ ਹੋ। ਤੁਹਾਡੇ ਲਈ ਕੰਮ ਤੇ ਵਾਪਸ ਜਾ ਕੇ ਇਕ ਔਰਤ ਦੀ ਤਰ੍ਹਾਂ ਗੱਲ ਕਰਨਾ ਮੁਰਖਤਾ ਲੱਗੇਗੀ ਜਿਸ ਤਰ੍ਹਾਂ ਤੁਸੀਂ ਇਕ ਰਾਤ ਪਹਿਲਾਂ ਸਟੇਜ ਤੇ ਕੰਮ ਕਰ ਰਹੇ ਹੋ ਉਸ ਤਰ੍ਹਾਂ ਦੀ ਅਦਾਕਾਰੀ ਕਰਨਾ ਤੁਹਾਡੇ ਲਈ ਬਚਪਨਾ ਹੋਵੇਗਾ ਉਹੀ ਗੱਲ ਹੁਣ ਤੁਹਾਡੇ ਲਈ ਲਾਗੂ ਹੁੰਦੀ ਹੈ, ਤੁਹਾਡੇ ਨਵਾਂ ਜਨਮ ਲੈਣ ਤੋਂ ਪਹਿਲਾਂ ਤੁਸੀਂ ਗਲਤ ਅਦਾਕਾਰੀ ਕੀਤੀ ਸੀ, ਪਰ ਹੁਣ ਤੁਹਾਡੇ ਕੋਲ ਨਵਾਂ ਜੀਵਨ ਹੈ: ਨਵੀਂ ਜ਼ਿੰਦਗੀ ਜਿਸ ਨੂੰ ਤੁਹਾਨੂੰ ਹੁਣ ਜਿਉਣਾ ਚਾਹੀਦਾ ਹੈ।ਤੁਸੀਂ ਕਾਫ਼ੀ ਸਮੇ ਤੋਂ ਇੱਕ ਔਰਤ ਦੀ ਭੂਮਿਕਾ ਕਰਦੇ ਆ ਰਹੇ ਹੋ ਅਤੇ ਕਈ ਵਾਰ ਤੁਸੀਂ ਆਪਣੇ ਆਪ ਨੂੰ ਭੁੱਲ ਜਾਂਦੇ ਹੋ; ਪਰ ਫੇਰ ਤੁਹਾਨੂੰ ਦੁਬਾਰਾ ਯਾਦ ਆਇਆ ਕਿ ਤੁਸੀਂ ਸੱਚਮੁੱਚ ਆਦਮੀ ਹੋ, ਅਤੇ ਤੁਸੀਂ ਆਪਣੇ ਆਪ ਨੂੰ ਸਹੀ ਕੀਤਾ ਹੈ।ਤੁਸੀਂ ਬੁੱਧੀਮਾਨ ਹੋ ਅਤੇ ਕਿਹਾ, "ਓ ਮੈਂ ਔਰਤ ਨਹੀਂ, ਮੈਂ ਸਟੇਜ 'ਤੇ ਹਾਂ, ਮੈਂਨੂੰ ਹਕੀਕਤ ਵਿੱਚ ਆਣਾਂ ਹੈ!

ਇਹੀ ਤਰੀਕਾ ਹੈ ਕਿ ਤੁਹਾਨੂੰ ਇੱਕ ਬੁਰੀ ਆਦਤ ਨੂੰ ਰੋਕਣਾ ਚਾਹੀਦਾ ਹੈ।ਆਪਣੇ ਆਪ ਨੂੰ ਕਹੋ “ਦੇਖੋ” ਮੈਂ ਨਵਾਂ ਜਨਮ ਲਿਆ ਹੈ! ਇਹ ਮੇਰਾ ਅਸਲ ਸੁਭਾਅ ਹੈ। ’ਕੋਈ ਵੀ ਆਦਤ ਹੋਵੇ : ਜਦੋਂ ਤੁਸੀਂ ਯਾਦ ਕਰੋਗੇ (ਅਤੇ ਤੁਹਾਨੂੰ ਯਾਦ ਹੋਏਗਾ), ਰੋਕੋ! ਆਪਣੇ ਨੂੰ

ਕਹੋ: ਮੈਂ ਨਵਾਂ ਜਨਮ ਲਿਆ ਹੈ!  ਇਸ ਨੂੰ ਉਥੇ ਹੀ ਰੋਕੋ! ਚੱਕਰ ਨੂੰ ਅੱਗੇ ਵਧਣ ਨਾ ਦਿਓ ਅਤੇ ਇਸ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਤੁਹਾਡੇ ਨਾਲ ਦੱਸਣ ਵਿਚ ਸ਼ਰਮਿੰਦਾ ਨਾ ਹੋਵੋ, ਮੈਨੂੰ ਮਾਫ ਕਰਨਾ, ਮੈਂ ਅਜਿਹਾ ਨਹੀਂ ਕਰ ਸਕਦਾ ਕਿਉਂਕਿ ਮੇਰਾ ਨਵਾਂ ਜਨਮ ਹੋਇਆ, ਭੈੜੀਆਂ ਆਦਤਾਂ ਦੀ ਥਾਂ ਚੰਗੀਆਂ ਆਦਤਾਂ ਪਾਓ।ਇਹ ਜਾਣ ਬੁੱਝ ਕੇ ਕਰੋ। ਪਰਮੇਸ਼ੁਰ ਦੇ ਵਚਨ ਤੋਂ ਪਰਮੇਸ਼ੁਰ ਦੇ ਗੁਣਾਂ ਦਾ ਪਤਾ ਲਗਾਓ, ਇਸ ਦੇ ਅਭਿਆਸ ਦੁਆਰਾ ਅਪਨੇ ਆਪ ਨੂੰ ਸੁਧਾਰੋ।

(3) ਵਚਨ 'ਤੇ ਚੱਲਣ ਵਾਲੇ ਬਣੋ

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਨਾਂ ਸਿਰਫ ਸੁਣਨ ਵਾਲੇ ਪਰ ਵਚਨ ਦੀ ਪਾਲਣ ਕਰਨ ਵਾਲੇ ਹੋਇਏ।

**ਉਹੀ ਕਰੋ ਜੋ ਪਰਮੇਸ਼ੁਰ ਦੀ ਸਿਖਿਆ ਆਖਦੀ ਹੈ। ਸਿਰਫ਼ ਸੁਣੋ ਹੀ ਨਾ ਅਤੇ ਅਮਲ ਵੀ ਕਰੋ। ਕਿਉਂ? ਕਿਉਂਕਿ ਜਦੋਂ ਤੁਸੀਂ ਬੈਠੇ ਬੈਠੇ ਸੁਣਦੇ ਹੀ ਰਹਿੰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਮੂਰਖ ਬਣਾ ਰਹੇ ਹੁੰਦੇ ਹੋ।ਜੇ ਕੋਈ ਵਿਅਕਤੀ ਪਰਮੇਸ਼ੁਰ ਦੇ ਉਪਦੇਸ਼ ਸੁਣਦਾ ਹੈ ਤੇ ਅਮਲ ਨਹੀਂ ਕਰਦਾ ਤਾਂ ਉਹ ਇਸ ਤਰ੍ਹਾਂ ਦਾ ਹੈ;ਉਹ ਉਸ ਬੰਦੇ ਵਰਗਾ ਹੈ ਜਿਹੜਾ ਸ਼ੀਸ਼ੇ ਵਿੱਚ ਆਪਣਾ ਚਿਹਰਾ ਦੇਖਦਾ ਹੈ।ਉਹ ਵਿਅਕਤੀ ਆਪਣੇ ਆਪ ਨੂੰ ਦੇਖਦਾ ਹੈ, ਫ਼ੇਰ ਤੁਰ ਜਾਂਦਾ ਹੈ ਅਤੇ ਛੇਤੀ ਹੀ ਭੁੱਲ ਜਾਂਦਾ ਹੈ ਕਿ ਉਹ ਕਿਹੋ ਜਿਹਾ ਦਿਸਦਾ ਸੀ। [ਯਾਕੂਬ 1:22-24]**

ਤੁਸੀਂ ਵਚਨ ਤੇ ਚੱਲਣ ਵਾਲੇ ਬਣ ਜਾਂਦੇ ਹੋ ਜਦੋਂ ਤੁਸੀਂ ਵਚਨ ਨੂੰ ਯਾਦ ਕਰਦੇ ਹੋ ਅਤੇ ਉਸ ਅਨੁਸਾਰ ਕੰਮ ਕਰਦੇ ਹੋ ਤਾਂ,ਅਤੇ ਤੁਸੀਂ ਹਮੇਸ਼ਾਂ ਇਸਨੂੰ ਯਾਦ ਰੱਖੋਗੇ।ਇਹ ਇਕ ਕੰਮ ਹੈ ਜੋ ਪਵਿੱਤਰ ਆਤਮਾ ਸਾਡੇ ਅੰਦਰ ਕਰਦਾ ਹੈ।

**ਯਿਸੂ ਨੇ ਕਿਹਾ**

**ਪਰ ਸਹਾਇਕ ਪਵਿੱਤਰ ਆਤਮਾ ਹੈ, ਜਿਸਨੂੰ ਪਿਤਾ, ਮੇਰੇ ਨਾਂ ਵਿੱਚ ਭੇਜੇਗਾ। ਉਹ ਤੁਹਾਨੂੰ ਸਭ ਕੁਝ ਸਿਖਾਵੇਗਾ ਅਤੇ ਉਹ ਤੁਹਾਨੂੰ ਉਹ ਸਭ ਚੇਤੇ ਕਰਾਵੇਗਾ, ਜੋ ਕੁਝ ਮੈਂ ਤੁਹਾਨੂੰ ਕਿਹਾ ਹੈ। [ਯੂਹੰਨਾ 14:26]**

ਪਰਮੇਸ਼ੁਰ ਦਾ ਧੰਨਵਾਦ ਕਰੋ ਪਵਿੱਤਰ ਆਤਮਾ ਇਥੇ ਹੈ; ਉਹ ਵਚਨ ਨੂੰ ਯਾਦ ਕਰਨ ਵਿਚ ਸਾਡੀ ਮਦਦ ਕਰਦਾ ਹੈ! ਜਦੋਂ ਤੁਸੀਂ ਯਾਦ ਕਰਦੇ ਹੋ, ਪਰੇਸ਼ਾਨ ਨਾ ਹੋਵੋ;ਪਵਿੱਤਰ ਆਤਮਾ ਇਸਨੂੰ ਤੁਹਾਡੀ ਯਾਦ ਰੱਖਣ ਵਿੱਚ ਮਦਦ ਕਰਦਾ ਹੈ। ਪਰ ਤੁਹਾਨੂੰ ਲਾਜ਼ਮੀ ਤੌਰ 'ਤੇ ਉਸਦਾ ਕਹਿਣਾ ਮੰਨਣ ਲਈ ਤਿਆਰ ਰਹਿਣਾ ਚਾਹੀਦਾ ਹੈ ਜਦੋਂ ਉਹ ਇਨ੍ਹਾਂ ਸੱਚਾਈਆਂ ਨੂੰ ਤੁਹਾਡੇ ਦਿਮਾਗ ਵਿਚ ਲਿਆਉਂਦਾ ਹੈ।

(੪) ਯਾਦ ਰੱਖੋ ਕਿ ਪਾਪ
ਤੁਹਾਡੇ ਉੱਤੇ ਰਾਜ ਨਹੀਂ ਕਰ ਸਕਦਾ

ਤੁਹਾਨੂੰ ਇੱਕ ਚੀਜ ਯਾਦ ਰੱਖਣੀ ਚਾਹੀਦੀ ਹੈ, ਨਕਰਾਤਮਕ ਵਿਚਾਰ ਤੁਹਾਡੇ ਤੇ ਕਾਬੂ ਪਾਉਣ ਦੀ ਸ਼ਕਤੀ ਨਹੀਂ ਰੱਖਦੇ ਜਦੋਂ ਤਕ ਤੁਸੀਂ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੰਦੇ ਹੋ **"ਪਾਪ ਤੁਹਾਡੇ ਉੱਤੇ ਰਾਜ ਨਹੀਂ ਕਰੇਗਾ...."(ਰੋਮੀਆਂ 6:14)**

ਪਾਪ ਤੁਹਾਡੇ ਉੱਤੇ ਅਧਿਕਾਰ ਪ੍ਰਾਪਤ ਨਹੀਂ ਕਰੇਗਾ, ਇਹ ਡੁਹਾਡੇ ਤੇ ਹਾਵੀ ਨਹੀਂ ਹੋਵੇਗਾ ਅਤੇ ਕਿਉਂਕਿ ਤੁਸੀਂ ਕਾਨੂੰਨ ਦੇ ਅਧੀਨ ਨਹੀਂ ਹੋ ਪਰ ਕਿਰਪਾ ਦੇ ਅਧੀਨ ਹੋ। ਬਾਈਬਲ ਇਹ ਤੁਹਾਡੇ ਬਾਰੇ ਕਹਿੰਦੀ ਹੈ।

ਪਰਮੇਸ਼ੁਰ ਨੇ ਤੁਹਾਨੂੰ ਪਾਪ ਅਤੇ ਹਨੇਰੇ ਦੀਆਂ ਸ਼ਕਤੀਆਂ ਤੋਂ ਛੁਟਕਾਰਾ ਦਿੱਤਾ ਹੈ, ਅਤੇ ਤੁਹਾਨੂੰ ਆਪਣੇ ਰਾਜ ਵਿੱਚ ਲੈ ਆਉਂਦਾ ਹੈ।

**ਤੁਸੀਂ ਪਿਤਾ ਦਾ ਸ਼ੁਕਰਾਨਾ ਕਰੋਂਗੇ। ਉਸਨੇ ਤੁਹਾਨੂੰ ਉਹ ਚੀਜ਼ਾਂ ਹਾਸਿਲ ਕਰਨ ਦੇ ਸਮਰਥ ਬਣਾਇਆ ਹੈ ਜਿਹੜੀਆਂ ਉਸਨੇ ਤੁਹਾਡੇ ਲਈ ਤਿਆਰ ਕੀਤੀਆਂ ਹਨ। ਉਸਨੇ ਇਹ ਸਭ ਚੀਜ਼ਾਂ ਆਪਣੇ ਉਨ੍ਹਾਂ ਲੋਕਾਂ ਲਈ ਤਿਆਰ ਕੀਤੀਆਂ ਹਨ ਜਿਹੜੇ ਰੌਸ਼ਨੀ ਵਿੱਚ ਰਹਿੰਦੇ ਹਨ।**

**ਪਰਮੇਸ਼ੁਰ ਨੇ ਸਾਨੂੰ ਉਸ ਸ਼ਕਤੀ ਤੋਂ ਮੁਕਤ ਕਰਾਇਆ ਜਿਹੜੀ ਹਨੇਰੇ ਤੇ ਸ਼ਾਸਨ ਕਰਦੀ ਹੈ। ਅਤੇ ਸਾਨੂੰ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਲਿਆਂਦਾ ਹੈ [ਕੁਲੁੱਸੀਆਂ1:12-13]**

ਇਹ ਉਹ ਥਾਂ ਹੈ ਜਿੱਥੇ ਤੁਸੀਂ ਨਵਾਂ ਜਨਮ ਲਿਆ ਹੈ। ਇਸੇ ਕਰਕੇ ਹਨੇਰੇ ਦੀਆਂ ਸ਼ਕਤੀਆਂ ਤੁਹਾਡੇ ਉੱਤੇ ਰਾਜ ਨਹੀਂ ਕਰ ਸਕਦੀਆਂ।ਕਿਉਂਕਿ ਉਹ ਪਾਪ ਦੇ ਖੇਤਰ ਵਿੱਚ ਹਨ, ਤੁਸੀਂ ਪਰਮੇਸ਼ੁਰ ਦੇ ਜੀਵਨ ਦੇ ਖੇਤਰ ਵਿੱਚ ਹੋ, ਜੋ ਪਾਪ ਨੂੰ ਹਟਾ ਦਿੰਦਾ ਹੈ: ਤਾਂ ਤੁਸੀਂ ਦੇਖੋ,ਪਾਪ ਦਾ ਤੁਹਾਡੇ ਉੱਤੇ ਰਾਜ ਨਹੀਂ ਹੋ ਸਕਦਾ।

**ਕੁਲੁੱਸੀਆਂ 1:14 ਕਹਿੰਦਾ ਹੈ,ਉਸ ਪੁੱਤਰ ਨੇ ਸਾਡੇ ਪਾਪਾਂ ਦਾ ਮੁੱਲ ਤਾਰਿਆ ਹੈ, ਉਸ ਵਿੱਚ ਅਸੀਂ ਆਪਣੇ ਪਾਪਾਂ ਤੋਂ ਬਖਸ਼ੇ ਗਏ ਹਾਂ।**

ਮਸੀਹ ਯਿਸੂ ਵਿੱਚ ਸਾਡੇ ਕੋਲ ਮੁਕਤੀ ਹੈ; ਇਹ ਸਾਡਾ ਅੱਜ ਦਾ ਅਧਿਕਾਰ ਹੈ (ਅਫ਼ਸੀਆਂ 2:5-6) ਅਸੀਂ ਇਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ; ਇਹ

ਸਾਡੇ ਕੋਲ ਹੈ। ਸਾਨੂੰ ਪਰਮੇਸ਼ੁਰ ਦੇ ਵਚਨ ਦੀ ਇਸ ਸੁੱਧ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਇਸ ਵਿਚ ਅਨੰਦ ਲੈਣਾ ਚਾਹੀਦਾ ਹੈ।

# 10

# ਜਦੋ ਪੁਰਾਣੇ ਦੋਸਤ ਤੁਹਾਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਤੁਸੀਂ ਕੀ ਕਰਦੇ ਹੋ!

ਨਵਾਂ ਜਨਮ ਲੈਣ ਤੋਂ ਬਾਅਦ,ਤੁਸੀਂ ਇਕ ਨਵੇਂ ਪਰਿਵਾਰ ਨਾਲ ਸਬੰਧ ਰਖਦੇ ਹੋ ਤੁਸੀਂ ਹੁਣ ਆਪਣੇ ਪੁਰਾਣੇ ਪਰਿਵਾਰ ਨਾਲ ਸਬੰਧਤ ਨਹੀਂ ਹੋ। ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਉਨ੍ਹਾਂ ਪੁਰਾਣੇ ਦੋਸਤਾਂ ਅਤੇ ਪੁਰਾਣੀ ਪਛਾਣ ਵਾਲਿਆਂ ਨੂੰ ਪੂਰੀ ਤਰ੍ਹਾਂ ਨਕਾਰਨਾ ਚਾਹੀਦਾ ਹੈ। ਤੁਹਾਨੂੰ ਉਨ੍ਹਾਂ ਦੀ ਰੋਸ਼ਨੀ ਬਣਨੀ ਚਾਹੀਦੀ ਹੈ। ਉਹ ਅਜੇ ਵੀ ਹਨੇਰੇ ਵਿੱਚ ਹਨ, ਕਿਉਂਕਿ ਉਨ੍ਹਾਂ ਦੇ ਦਿਲਾਂ ਵਿੱਚ ਯਿਸੂ ਮਸੀਹ ਨਹੀਂ ਹੈ। ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਲਈ ਪਰਮੇਸ਼ੁਰ ਦਾ ਚਾਨਣ ਹੋ, ਇਸ ਲਈ ਉਨ੍ਹਾਂ ਨਾਲ ਖੁਸ਼ ਖਬਰੀ ਸਾਂਝੀ ਕਰੋ,ਤਾਂ ਜੋ ਉਹ ਵੀ ਯਿਸੂ ਦੇ ਚੇਲੇ ਬਨਣ।

ਜਦੋਂ ਇਹ ਲੋਕ ਤੁਹਾਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?ਬਾਈਬਲ ਕਹਿੰਦੀ ਹੈ ਕਿ ਆਖ਼ਰੀ ਦਿਨਾਂ ਵਿਚ ਅਜਿਹੇ ਮਜ਼ਾਕ ਉਡਾਣ ਵਾਲੇ ਆਉਣਗੇ ਜੋ ਹਰ ਗ਼ਲਤ ਕੰਮ ਕਰਨਗੇ ਜਿਸ ਬਾਰੇ ਉਹ ਸੋਚ ਸਕਦੇ ਹਨ, ਅਤੇ ਸੱਚ 'ਤੇ ਹੱਸਣਗੇ (2 ਪਤਰਸ 3: 3-4).

ਮਖੌਲ ਕਰਨ ਵਾਲੇ ਉਹ ਹੁੰਦੇ ਹਨ ਜੋ ਤੁਹਾਨੂੰ ਨਿਰਾਸ਼ ਕਰਨ ਅਤੇ ਤੁਹਾਨੂੰ ਪੁਰਾਣੀ ਜ਼ਿੰਦਗੀ ਵੱਲ ਵਾਪਸ ਲੈ ਜਾਣ ਦੀ ਕੋਸ਼ਿਸ਼ ਕਰਦੇ ਹਨ, ਪਰ ਤੁਹਾਨੂੰ ਉਨ੍ਹਾਂ ਤੋਂ ਪ੍ਰੇਰਿਤ ਨਹੀਂ ਹੋਣਾ।ਕਿਉਂਕਿ ਉਨ੍ਹਾਂ ਦਾ ਰਵੱਈਆ ਤੁਹਾਡੀ ਮਸੀਹ ਨਾਲ  ਸੰਗਤੀ ਦੇ ਰਾਹ ਵਿਚ

ਆਉਂਦਾ ਹੈ।ਉਨ੍ਹਾਂ ਦੀ ਸਲਾਹ ਨੂੰ ਸਵੀਕਾਰ ਨਾ ਕਰੋ।ਇਸ ਦੇ ਬਜਾਏ, ਪਰਮੇਸ਼ੁਰ ਅਤੇ ਉਸ ਦੇ ਵਚਨ ਲਈ ਆਪਣੇ ਸਟੈਂਡ ਨੂੰ ਕਾਇਮ ਰੱਖੋ।

## ਅਸਮਾਨ ਜੂਲਾ

ਮਸ਼ੀਨੀ ਖੇਤੀ ਦੇ ਸ਼ੁਰੂਆਤੀ ਦਿਨਾਂ ਵਿੱਚ,ਕਿਸਾਨ ਬਲਦਾਂ ਦਾ ਜੋੜਾ ਹੱਲ ਵਾਹਨ ਲਈ ਲੈਂਦੇ ਸੀ, ਉਦਾਹਰਣ ਵਜੋਂ, ਦੋ ਗਧੇ ਜਾਂ ਦੋ ਬਲਦ ਅਤੇ ਉਨ੍ਹਾਂ ਨੂੰ ਇੱਕ ਹੱਲ ਵਿੱਚ ਜੋੜ ਦਿੰਦੇ ਸਨ ਅਤੇ ਦੋਵੇਂ ਜਾਨਵਰ ਇਕੱਠੇ ਜ਼ਮੀਨ ਨੂੰ ਹਲ ਵਾਹ ਦਿੰਦੇ ਸਨ। ਇਕੱਠੇ ਜੂੜੇ ਹੁਣ ਕਾਰਣ ,ਦੋ ਜਾਨਵਰਾਂ ਇਕੋ ਦਿਸ਼ਾ ਵਿਚ ਜਾਨਦੇ ਸਨ।ਜਿੱਥੇ ਵੀ ਪਹਿਲਾਂ ਇੱਕ ਗਿਆ, ਦੂਜਾ ਵੀ ਗਿਆ।ਕਿਸਾਨ ਨੇ ਉਨ੍ਹਾਂ ਨੂੰ ਨਿਰਦੇਸ਼ ਦਿੱਤਾ ਅਤੇ ਉਨ੍ਹਾਂ ਨੂੰ ਉਸੇ ਦਿਸ਼ਾ ਵਿਚ ਜਾਣਾ ਪਿਆ,ਕਿਉਂਕਿ ਉਹ ਇਕੋ ਜੂਲੇ ਦੇ ਅਧੀਨ ਸਨ।ਹੁਣ ਜੇ ਇਹ ਦੋਵੇਂ ਗਧੇ ਸਨ, ਤਾਂ ਇਸ ਨੂੰ 'ਬਰਾਬਰ ਦਾ ਜੂਲਾ' ਕਿਹਾ ਜਾਂਦਾ ਸੀ, ਪਰ ਜੇ ਇਕ ਗਧਾ ਸੀ ਅਤੇ ਦੂਸਰਾ ਬਲਦ ਤਾਂ ਇਸ ਨੂੰ 'ਅਸਮਾਨ ਜੂਲਾ' ਕਿਹਾ ਜਾਂਦਾ ਸੀ (ਕਿਉਂਕਿ ਉਹ ਇਕੋ ਕਿਸਮ ਦੇ ਨਹੀਂ ਹਨ)। ਜੇ ਅਸੀਂ ਕਿਸੇ ਨਾਲ ਇਕੱਠੇ ਜੁੜਨਾ ਚਾਹੁੰਦੇ ਹਾਂ, ਤਾਂ ਇਹ ਇਕ 'ਬਰਾਬਰ ਦਾ ਜੂਲਾ' ਹੋਣਾ ਚਾਹੀਦਾ ਹੈ, ਯਾਨੀ ਦੋ ਵਿਸ਼ਵਾਸੀ ਇਕੱਠੇ ਮਿਲ ਕੇ ਚੱਲਣ।ਪਰ ਜੇ ਇਕ ਵਿਸ਼ਵਾਸੀ  ਅਤੇ ਇਕ ਅਵਿਸ਼ਵਾਸੀ ਇਕਠੇ ਹੋ ਕੇ ਕੰਮ ਕਰਦੇ ਹਨ, ਤਾਂ ਉਹ ਅਸਮਾਨ ਜੂਲੇ ਵਿੱਚ ਹਨ।

ਪਰਮੇਸ਼ੁਰ ਕਹਿ ਰਿਹਾ ਹੈ: **ਤੁਸੀਂ ਉਨ੍ਹਾਂ ਵਿਅਕਤੀਆਂ ਵਰਗੇ ਨਹੀਂ ਹੋ ਜਿਹੜੇ ਆਸਥਾ ਨਹੀਂ ਰੱਖਦੇ। ਇਸ ਲਈ ਉਨ੍ਹਾਂ ਦੇ ਨਾਲ ਨਾ ਜੁੜੋ। ਚੰਗਿਆਈ ਅਤੇ**

**ਬੁਰਿਆਈ ਇਕਠੇ ਨਹੀਂ, ਚਾਨਣ ਅਤੇ ਹਨੇਰੇ ਦੀ ਸੰਗਤ ਇਕਠਿਆਂ ਨਹੀਂ ਹੋ ਸਕਦੀ।**
**ਕੀ ਮਸੀਹ ਅਤੇ ਬਲਿਆਲ (ਸ਼ੈਤਾਨ) ਵਿੱਚ ਕੋਈ ਕਰਾਰ ਹੋ ਸਕਦਾ? ਇੱਕ ਆਸਥਾਵਾਨ ਅਤੇ ਅਨਾਸਥਾਵਾਨ ਵਿੱਚ ਕੀ ਸਾਂਝ ਹੈ।ਪਰਮੇਸ਼ੁਰ ਦੇ ਮੰਦਰ ਅਤੇ ਮੂਰਤਿਆਂ ਵਿਚਕਾਰ ਕੋਈ ਇਕਰਾਰਨਾਮਾ ਨਹੀਂ ਹੈ। ਅਤੇ ਅਸੀਂ ਜਿਉਂਦੇ ਜਾਗਦੇ ਪਰਮੇਸ਼ੁਰ ਦਾ ਮੰਦਰ ਹਾਂ ਜਿਵੇਂ ਕਿ ਪਰਮੇਸ਼ੁਰ ਨੇ ਕਿਹਾ ਹੈ"ਮੈਂ ਉਨ੍ਹਾਂ ਸੰਗ ਰਹਾਂਗਾ ਅਤੇ ਉਨ੍ਹਾਂ ਸੰਗ ਤੁਰਾਂਗਾ ਮੈਂ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਉਹ ਮੇਰੇ ਬੰਦੇ ਹੋਣਗੇ।) [2 ਕੁਰਿੰਥੀਆਂ ਨੂੰ 6:14-16]**
ਇਸ ਲਈ ਤੁਸੀਂ ਦੇਖੋ, ਜੇ ਤੁਸੀਂ ਅਤੇ ਇਕ ਅਵਿਸ਼ਵਾਸੀ ਸੰਗੀ ਹੋ ਕੇ ਇਕੋ ਜਿਹੀ ਜ਼ਿੰਦਗੀ ਜੀ ਰਹੇ ਹੋ, ਤਾਂ ਤੁਸੀਂ ਇਕ ਅਸਮਾਨ ਜੂਲੇ ਵਿਚ ਹੋ,ਅਤੇ ਇਹ ਗਲਤ ਹੈ। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਤੁਸੀਂ ਇਹੋ ਜਿਹੇ ਜੂਲੇ ਵਿਚ ਰਹੋ, ਸਗੋਂ ਦੂਸਰੇ ਵਿਸ਼ਵਾਸੀ ਨਾਲ ਇਕੋ ਜਿਹੇ ਜੂਲੇ ਵਿੱਚ ਰਹੋ। ਅਵਿਸ਼ਵਾਸੀ ਤੁਹਾਡੇ ਸਭ ਤੋਂ ਚੰਗੇ ਦੋਸਤ ਨਹੀਂ ਹੋ ਸਕਦੇ।ਭਾਵੇਂ ਕੋਈ ਵਿਅਕਤੀ ਕਿੰਨਾ ਨੇਕ-ਚੱਲਣ ਵਾਲਾ ਹੋਵੇ, ਜਿੰਨਾ ਚਿਰ ਉਹ ਨਵਾਂ ਜਨਮ ਨਹੀਂ ਲੈਂਦਾ, ਉਹ ਤੁਹਾਡਾ ਸਭ ਤੋਂ ਚੰਗਾ ਮਿੱਤਰ ਨਹੀਂ ਹੋ ਸਕਦਾ।
ਇਹ ਪਰਮੇਸ਼ੁਰ ਦੇ ਸਾਮ੍ਹਣੇ ਅਸੰਭਵ ਅਤੇ ਅਸਵਿਕਾਰ ਹੈ, ਕਿਉਂਕਿ ਇਹ ਇਕ ਅਸਮਾਨ ਜੂਲਾ ਹੈ।ਕਿਸੇ ਵਿਅਕਤੀ ਬਾਰੇ ਤੁਹਾਡਾ ਜਾਇਜਾ ਪਰਮੇਸ਼ੁਰ ਦੇ ਜਾਇਜੇ ਨਾਲ ਮਾਪ ਨਹੀਂ ਸਕਦਾ। ਇਕ ਵਾਰ, ਪਰਮੇਸ਼ੁਰ ਨੇ ਸਮੂਏਲ ਨੂੰ ਯੇਸੀ ਦੇ ਘਰ ਭੇਜਿਆ ਇਸਰਾਏਲ ਦੇ ਰਾਜੇ ਵਜੋਂ ਉਸ ਦੇ ਇਕ ਪੁੱਤਰ ਨੂੰ ਮਸਹ ਕਰਨ ਲਈ (ਸਮੂਏਲ 16:1-13) ਜਦੋਂ ਯਸੀ ਅਤੇ ਉਸਦੇ ਪੁੱਤਰ ਆਏ ਤਾਂ ਸਮੂਏਲ ਨੇ ਉਥੇ ਅਲੀਆਬ ਨੂੰ ਵੇਖਿਆ। ਸਮੂਏਲ ਨੇ ਸੋਚਿਆ, "ਜ਼ਰੂਰੀ ਹੈ ਕਿ ਇਹੀ ਮਨੁੱਖ ਹੋਵੇਗਾ ਜਿਸਨੂੰ ਯਹੋਵਾਹ

ਨੇ ਚੁਣਿਆ।" [1 ਸਮੂਏਲ 16-13]ਇਹ ਪਰਮੇਸ਼ੁਰ ਅੱਗੇ ਪਰਮੇਸ਼ੁਰ ਦਾ ਮਸਹ ਕੀਤਾ ਜਾਣਾ ਚਾਹੀਦਾ ਹੈ' ਕਿਉਂਕਿ ਉਹ ਵਿਸ਼ਾਲ, ਲੰਬਾ ਅਤੇ ਸੁੰਦਰ ਸੀ। ਪਰ ਪਰਮੇਸ਼ੁਰ ਨੇ ਨਬੀ ਨਾਲ ਗੱਲ ਕੀਤੀ ਅਤੇ ਕਿਹਾ, 'ਉਸਨੂੰ ਮਸਹ ਨਾ ਕਰੋ, ਕਿਉਂਕਿ ਮੈਂ ਉਸ ਨੂੰ ਠੁਕਰਾ ਦਿੱਤਾ ਹੈ'।ਉਸ ਨੇ ਕਿਹਾ, 'ਮਨੁੱਖ ਬਾਹਰੀ ਰੂਪ ਵੇਖਦਾ ਹੈ ਪਰ ਪ੍ਰਮਾਤਮਾ ਦਿਲ ਵੱਲ ਵੇਖਦਾ ਹੈ,' ਅੰਦਰਲਾ ਆਦਮੀ। ਇਸ ਲਈ ਤੁਹਾਡਾ ਜਾਇਜ਼ਾ ਕਿਸੇ ਵਿਅਕਤੀ ਦਾ ਸਭ ਤੋਂ ਵੱਧ ਹੋ ਸਕਦਾ ਹੈ ਉਸਦੇ ਬਾਹਰਲੇ ਰੂਪ ਤੋਂ -ਉਹ ਕੀ ਕਹਿੰਦਾ ਹੈ, ਉਹ ਕਿਵੇਂ ਦਿਖਦਾ ਹੈ,ਉਹ ਕਿਵੇਂ ਚੱਲਦਾ ਹੈ...ਪਰਮੇਸ਼ੁਰ ਅੰਦਰੂਨੀ ਵਿਅਕਤੀ ਨੂੰ ਵੇਖਦਾ ਹੈ।

ਜਿਹੜਾ ਨਵਾਂ ਜਨਮ ਨਹੀਂ ਲੈਂਦਾ ਉਸ ਕੋਲ ਪਰਮੇਸ਼ੁਰ ਨਾਲ ਸਹੀ ਆਤਮਾ ਨਹੀਂ ਹੈ। ਇਕੋ ਇਕ ਰਸਤਾ ਜਿਸ ਨਾਲ ਇਕ ਵਿਅਕਤੀ ਪਰਮੇਸ਼ੁਰ ਨਾਲ ਸਹੀ ਹੋ ਸਕਦਾ ਹੈ ਜਿਸਨੇ ਨਵਾਂ ਜਨਮ ਲਿਆ ਹੈ। ਇਹੀ ਸਮਾਂ ਹੈ ਜਦੋਂ ਤੁਸੀ ਜਾਣ ਸਕਦੇ ਹੋ ਕਿ ਓਹ ਵਿਅਕਤੀ ਤੁਹਾਡਾ ਸਭ ਤੋਂ ਚੰਗਾ ਮਿੱਤਰ ਬਣਨ ਦੇ ਯੋਗ ਹੈ ਜਾਂ ਨਹੀਂ ਜਦ ਤੱਕ ਉਹ ਨਵਾਂ ਜਨਮ ਨਹੀਂ ਲੈਂਦਾ, ਉਹ ਤੁਹਾਡਾ ਸਭ ਤੋਂ ਚੰਗਾ ਮਿੱਤਰ ਨਹੀਂ ਹੋ ਸਕਦਾ; ਉਹ ਪਰਮੇਸ਼ੁਰ ਦੇ ਮਾਪਦੰਡਾਂ ਅਨੁਸਾਰ ਨਹੀਂ ਹੈ।ਹੁਣ ਜਦੋਂ ਤੁਸੀਂ ਨਵਾਂ ਜਨਮ ਲੈਂਦੇ ਹੋ, ਤਾਂ ਤੁਹਾਡੀ ਪਰਮੇਸ਼ੁਰ ਨੂੰ ਖੁਸ਼ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ, ਇਸ ਲਈ ਤੁਹਾਨੂੰ ਆਪਣੇ ਖੁਦ ਦੇ ਪਰਮਾਣ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਹ ਬਹੁਤ ਮਹੱਤਵਪੂਰਨ ਹੈ।

ਆਪਣਾ ਦਿੱਲ ਪਰਮਾਤਮਾ ਦੀ ਇੱਛਾ ਉੱਤੇ ਰੱਖੋ(1 ਕੁਰਿੰਥੀਆਂ 10:13)

# 11

# ਜਦੋਂ ਅੱਤਿਆਚਾਰ ਅਤੇ ਕਸ਼ਟ ਆਉਂਦੇ ਹਨ ਤੁਸੀਂ ਕੀ ਕਰਦੇ ਹੋ!

ਮਰਕੁਸ 4:1-9 ਵਿਚ, ਯਿਸੂ ਨੇ ਸਾਨੂੰ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਬਾਰੇ ਦੱਸਿਆ। ਇਕ ਆਦਮੀ ਆਪਣੇ ਬੀਜ ਬੀਜਣ ਗਿਆ ਅਤੇ ਕੁਝ ਪੱਥਰੀਲੀ ਜ਼ਮੀਨ ਤੇ ਡਿੱਗ ਪਏ, ਕੁਝ ਸਖਤ ਜ਼ਮੀਨ ਤੇ, ਕੁਝ ਕੰਡਿਆਂ ਵਿੱਚਕਾਰ ਅਤੇ ਹੋਰ ਚੰਗੀ ਜ਼ਮੀਨ ਤੇ,16 ਅਤੇ 17 ਆਇਤ ਵਿਚ, ਬਾਈਬਲ ਕਹਿੰਦੀ ਹੈ"**ਬਾਕੀ ਲੋਕ ਉਨ੍ਹਾਂ ਬੀਜਾਂ ਵਾਂਗ ਹਨ ਜਿਹੜੇ ਪੱਥਰੀਲੀ ਜ਼ਮੀਨ ਉੱਤੇ ਡਿੱਗੇ। ਉਹ ਉਪਦੇਸ਼ ਸੁਣਦਿਆਂ ਸਾਰ ਉਨ੍ਹਾਂ ਨੂੰ ਖੁਸ਼ੀ ਨਾਲ ਕਬੂਲ ਲੈਂਦੇ ਹਨ।ਪਰ ਇਹ ਲੋਕ ਉਪਦੇਸ਼ ਨੂੰ ਆਪਣੇ ਵਿੱਚ ਡੂੰਘਿਆਂ ਨਹੀਂ ਜਾਣ ਦਿੰਦੇ। ਜਦੋਂ ਉਪਦੇਸ਼ਾਂ ਕਾਰਣ ਸੰਕਟ ਜਾਂ ਦੰਡ ਮਿਲਦਾ ਹੈ ਤਾਂ ਉਹ ਝੱਟ ਹੀ ਇਨ੍ਹਾਂ ਨੂੰ ਤਿਆਗ ਦਿੰਦੇ ਹਨ। [ਮਰਕੁਸ 4:16-17]**

ਉਹ ਉਨ੍ਹਾਂ ਲੋਕਾਂ ਬਾਰੇ ਗੱਲ ਕਰ ਰਿਹਾ ਹੈ ਜਿਨ੍ਹਾਂ ਦੀ ਆਪਣੀਆਂ ਜੜ੍ਹਾਂ ਨਹੀਂ ਹਨ, ਅਤੇ ਇਸ ਲਈ ਕੁਝ ਸਮੇਂ ਲਈ ਓਨਾਂ ਨੂੰ ਦੁੱਖ ਸਹਿਣਾ ਪੈਂਦਾ ਹੈ।ਪਰਮੇਸ਼ੁਰ ਕਹਿੰਦਾ ਹੈ ਕਿ ਹਾਲਾਂਕਿ ਇਹ ਲੋਕ ਉਤਸੁਕਤਾ ਨਾਲ ਇਹ ਵਚਨ ਸਵੀਕਾਰ ਕਰਦੇ ਹਨ,ਜਦੋਂ ਵਚਨ ਦੇ ਕਾਰਨ ਦੁੱਖ ਜਾਂ ਅਤਿਆਚਾਰ ਹੁੰਦੇ ਹਨ ਤਾਂ ਉਹ ਨਾਰਾਜ਼ ਹੁੰਦੇ ਹਨ

ਯਿਸੂ ਇੱਥੇ ਕਹਿ ਰਿਹਾ ਹੈ ਕਿ ਬਹੁਤ ਸਾਰੇ ਲੋਕ ਹਨ ਜਿਹੜੇ ਸੱਚਮੁੱਚ ਉਸ ਨਾਲ ਗੂੜਾ ਪਿਆਰ ਨਹੀਂ ਕਰਦੇ। ਉਹ ਸਦਾ ਦੀ ਜ਼ਿੰਦਗੀ, ਖੁਸ਼ਹਾਲੀ ਅਤੇ ਉੱਤਰ ਦੇਣ ਦੇ ਵਾਅਦੇ ਕਰਕੇ ਪਰਮੇਸ਼ੁਰ ਦੀ ਦੁਨੀਆਂ ਬਾਰੇ ਖੁਸ਼ ਹਨ। ਪਰ ਉਨ੍ਹਾਂ ਦਾ ਸੱਚਮੁੱਚ ਪਰਮੇਸ਼ੁਰ ਲਈ ਗੂੜਾ ਪਿਆਰ ਨਹੀਂ ਹੈ।ਇਸ ਲਈ ਜਦੋਂ ਅਤਿਆਚਾਰ ਆਉਂਦੇ ਹਨ, ਉਹ ਹਾਰ ਮਣ ਲੈਂਦੇ ਹਨ।ਇਹ ਕਿਹਾ ਜਾਂਦਾ ਹੈ! ਜਦੋਂ ਅਤਿਆਚਾਰਾਂ ਅਤੇ ਤਕਲੀਫ਼ਾਂ ਆਉਂਦੀਆਂ ਹਨ, ਤਾਂ ਵਚਨ ਦੀ ਪਾਲਣਾ ਕਰੋ:

## (1) ਤੁਹਾਨੂੰ ਪਰਮੇਸ਼ੁਰ ਨਾਲ ਗੂੜਾ ਪਿਆਰ ਕਰਨਾ ਚਾਹੀਦਾ ਹੈ

ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਉਸ ਨਾਲ,ਗੂੜਾ ਮਜ਼ਬੂਤ ਪਿਆਰ ਕਰੋ।ਪਿਆਰ ਵਧ ਸਕਦਾ ਹੈ ਜਾਂ ਘਟ ਸਕਦਾ ਹੈ।ਜਿੰਨਾ ਤੁਸੀਂ ਉਸ ਬਾਰੇ ਸੋਚਦੇ ਹੋ, ਉਸਦੇ ਵਚਨਾਂ ਨੂੰ ਸੁਣੋ ਅਤੇ ਪ੍ਰਾਰਥਨਾਵਾਂ ਵਿੱਚ ਉਸ ਨਾਲ ਸੰਗਤੀ ਕਰੋ।ਜਿੰਨਾ ਤੁਸੀਂ ਜਾਣਦੇ ਹੋ ਪ੍ਰਮਾਤਮਾ ਨਾਲ ਤੁਸੀਂ ਓਨਾ ਹੀ ਉਸ ਨੂੰ ਪਿਆਰ ਕਰਦੇ ਹੋ;ਜਿੰਨਾ ਤੁਸੀਂ ਉਸ ਦੇ ਵਚਨ ਨੂੰ ਸੁਣੋਗੇ, ਤੁਸੀਂ ਓਨਾ ਹੀ ਉਸ ਨੂੰ ਪਿਆਰ ਕਰੋਗੇ ਅਤੇ ਖੋਜੋਗੇ, ਅਤੇ ਓਨਾ ਤੁਸੀਂ ਉਸ ਨੂੰ ਪ੍ਰਾਪਤ ਕਰੋਗੇ ਅਤੇ ਜਦੋਂ ਤੁਸੀਂ ਉਸ ਲਈ ਇਹ ਗੂੜਾ ਪਿਆਰ ਕਰਦੇ ਹੋ, ਤਾਂ ਪਰਮੇਸ਼ੁਰ ਦਾ ਵਚਨ ਤੁਹਾਡੇ ਦਿਲ ਵਿਚ ਜੜ ਬਣ ਜਾਂਦਾ ਹੈ,ਤਾਂ ਕਿ ਜਦੋਂ ਤੁਹਾਨੂੰ ਕਿਸੇ ਸਥਿਤੀ ਦਾ ਸਾਹਮਣਾ ਕਰਨਾ ਪਏ, ਤੁਸੀਂ ਇਸ ਬਾਰੇ ਪਰਮੇਸ਼ੁਰ ਦੀ ਹੈਸੀਅਤ ਨੂੰ ਜਾਣਦੇ ਹੋ ਅਤੇ ਤੁਸੀਂ ਤੁਰੰਤ ਪਰਮੇਸ਼ੁਰ ਦੀ ਸਥਿਤੀ ਐਲਾਨ ਕਰਦੇ ਹੋ।

ਬਾਈਬਲ ਕਹਿੰਦੀ ਹੈ ਕਿ ਜੀਵਣ ਅਤੇ ਮੌਤ ਜੀਭ ਦੇ ਵੱਸ ਵਿੱਚ ਹਨ (ਕਹਾਉਤਾਂ 18: 20-21) ਅਤੇ ਇਹ ਵੀ, ਕਿ ਦਿਲ ਦੀ ਬਹੁਤਾਤ ਵਿੱਚੋਂ, ਮੂੰਹ ਬੋਲਦਾ ਹੈ (ਮੱਤੀ 12: 34-35, 37)

ਜਦੋਂ ਤੁਸੀਂ ਆਪਣੀ ਸੁਣਵਾਈ ਨੂੰ ਪਰਮੇਸ਼ੁਰ ਦੇ ਵਚਨ ਨਾਲ ਭਰ ਦਿੰਦੇ ਹੋ, ਭਾਵੇਂ ਕੋਈ ਵੀ ਸਥਿਤੀ ਹੋਵੇ, ਤੁਸੀਂ ਚੀਜ਼ਾਂ ਨੂੰ ਪਰਮੇਸ਼ੁਰ ਦੇ ਤਰੀਕੇ ਨਾਲ ਵੇਖੋਂਗੇ ਅਤੇ ਉਹੀ ਗੱਲ ਕਰੋਗੇ ਅਤੇ ਉਹੀ ਹੋਇਗਾ!

## (2) ਹਿੰਮਤ ਨਾ ਹਾਰੋ!

ਮੁਸ਼ਕਲਾਂ ਆਉਣ ਤੇ ਤੁਹਾਨੂੰ ਹਾਰ ਨਹੀਂ ਮੰਨਣੀ ਚਾਹੀਦੀ! ਨਵੇਂ ਜਨਮ ਲੈਣ ਦਾ ਇਹ ਮਤਲਬ ਨਹੀਂ ਕਿ ਸਮੱਸਿਆਵਾਂ ਨਹੀਂ ਆਉਣਗੀਆਂ, ਨਾ ਹੀ ਇਸ ਦਾ ਇਹ ਮਤਲਬ ਕਿ ਕੋਈ ਅਜ਼ਮਾਇਸ਼ ਨਹੀਂ ਹੋਏਗੀ। ਇਸਦਾ ਸਿੱਧਾ ਮਤਲਬ ਇਹ ਹੈ ਕਿ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ, ਸਾਰੀਆਂ ਮੁਸ਼ਕਲਾਂ ਦੀ ਮੌਜੂਦਗੀ ਵਿੱਚ, ਪਰਮੇਸ਼ੁਰ ਤੁਹਾਨੂੰ ਪਾਰ ਕਰੇਗਾ।

ਜਿਵੇਂ ਕਿ **ਜ਼ਬੂਰ 23: 5 ਵਿਚ ਲਿਖਿਆ ਹੈ: ਯਹੋਵਾਹ, ਤੁਸੀਂ ਮੇਰੇ ਦੁਸ਼ਮਣਾਂ ਦੇ ਸਨਮੁਖ ਮੇਰਾ ਮੇਜ ਸਜਾਇਆ ਹੈ। ਤੁਸੀਂ ਮੇਰੇ ਸਿਰ ਉੱਤੇ ਤੇਲ ਪਾਇਆ ਹੈ ਮੇਰਾ ਭਰਿਆ ਪਿਆਲਾ ਛਲਕ ਰਿਹਾ ਹੈ।**

ਭਾਂਵੇ ਤੁਸੀਂ ਆਪਣੇ ਦੁਸ਼ਮਣਾਂ ਦੀ ਮੌਜੂਦਗੀ ਵਿੱਚ ਹੋ ਫੇਰ ਵੀ ਉਹ ਤੁਹਾਨੂੰ ਤਬਾਹ ਨਹੀਂ ਕਰ ਸਕਦੇ: ਅਤਿਆਚਾਰ ਤੁਹਾਡੀ ਜਿੰਦਗੀ ਨੂੰ ਤਬਾਹ ਨਹੀਂ ਕਰ ਸਕਦੇ। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਤੁਸੀ ਹਾਰ ਸਵਿਕਾਰ ਕਰੋ। ਤੁਹਾਨੂੰ ਮਜ਼ਬੂਤ ਖੜ੍ਹੇ ਹੋਣਾ ਚਾਹੀਦਾ ਹੈ!  ਕੋਈ ਫਰਕ ਨਹੀਂ ਕਿੰਨਾ ਸਖਤ ਜਾਂ ਮੁਸ਼ਕਲ ਜਾਪਦਾ ਹੈ, ਕਦੇ ਹਾਰ ਨਾ ਮੰਨੋ! ਪਰਮੇਸ਼ੁਰ ਤੁਹਾਨੂੰ ਮੁਸੀਬਤ ਵਿੱਚੋਂ ਕੱਡੇਗਾ, ਨਿਰਾਸ਼ ਨਾ ਹੋਵੋ;ਪਰਮੇਸ਼ੁਰ ਪ੍ਰਤੀ ਵਫ਼ਾਦਾਰ ਰਹੋ ਅਤੇ ਉਹ ਤੁਹਾਨੂੰ ਕਦੇ ਨਿਰਾਸ਼ ਨਹੀਂ ਕਰੇਗਾ ਅਤੇ ਨਾ ਤਿਆਗੇਗਾ। ਤੁਸੀਂ ਜ਼ਿੰਦਗੀ ਦੇ ਹਰ ਹਲਾਤ ਵਿੱਚ ਜਿੱਤ ਪ੍ਰਾਪਤ ਕਰੋਗੇ, ਕਿਉਂਕਿ ਮੁਸਿਬਤਾਂ ਤੁਹਾਡੇ ਅਧੀਨ ਹਨ।

**ਯਸਾਯਾਹ 43:2 ਕਹਿੰਦਾ ਹੈ ਜਦੋਂ ਤੇਰੇ ਉੱਪਰ ਮੁਸੀਬਤ ਪੈਂਦੀ ਹੈ ਤਾਂ ਮੈਂ ਤੇਰੇ ਨਾਲ ਹੁੰਦਾ ਹਾਂ। ਜਦੋਂ ਤੂੰ ਨਦੀਆਂ ਪਾਰ ਕਰੇਗਾ ਤੈਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ। ਜਦੋਂ ਤੂੰ ਅੱਗ ਵਿੱਚੋਂ ਲੰਘੇਂਗਾ, ਤੂੰ ਸੜੇਗਾ ਨਹੀਂ ਲਾਟਾਂ ਤੈਨੂੰ ਨੁਕਸਾਨ ਨਹੀਂ ਪਹੁੰਚਾਣਗੀਆਂ।**

ਜਦੋਂ ਤੁਸੀਂ ਯਿਸੂ ਮਸੀਹ ਦੇ ਪਿੱਛੇ ਚਲਦੇ ਹੋ, ਪੂਰੇ ਦਿਲ ਨਾਲ ਉਸਦੀ ਸੇਵਾ ਕਰੋ,ਪਿੱਛੇ ਚੱਲਦੇ ਰਹੋ ਚਾਹੇ ਕੋਈ ਵੀ ਚੁਣੌਤੀ ਹੋਵੇ।

**ਪਰੰਤੂ ਅਸੀਂ ਪਰਮੇਸ਼ੁਰ ਦੇ ਸ਼ੁਕਰਗੁਜ਼ਾਰ ਹਾਂ। ਉਹ ਸਾਡੇ ਪ੍ਰਭੂ ਯਿਸੂ ਮਸੀਹ ਰਾਹੀਂ ਜਿੱਤ ਪ੍ਰਦਾਨ ਕਰਦਾ ਹੈ। ਇਸ ਲਈ ਮੇਰੇ ਪਿਆਰੇ ਭਰਾਵੋ ਅਤੇ ਭੈਣੋ ਤਕੜੇ ਹੋਵੋ। ਕਿਸੇ ਵੀ ਚੀਜ਼ ਕਾਰਨ ਨਾ ਬਦਲੋ ਪੂਰੀ ਤਰ੍ਹਾਂ ਆਪਨੇ ਆਪ ਨੂੰ ਹਮੇਸ਼ਾ ਪ੍ਰਭੂ ਦੇ ਕਾਰਜ ਨਮਿਤ੍ਰ ਕਰ ਦਿਉ। ਤੁਸੀਂ ਜਾਣਦੇ ਹੋ ਕਿ ਜਿਹੜਾ ਕਾਰਜ ਤੁਸੀਂ ਪ੍ਰਭੂ ਵਿੱਚ ਕਰਦੇ ਹੋ, ਵਿਅਰਥ ਨਹੀਂ ਜਾਵੇਗਾ।**

**[1 ਕੁਰਿੰਥੀਆਂ15:57-58]**

**ਕਿਉਂ? ਕਿਉਂਕਿ ਹਰ ਉਹ ਵਿਅਕਤੀ ਜਿਹੜਾ ਪਰਮੇਸ਼ੁਰ ਦਾ ਬੱਚਾ ਹੈ ਦੁਨੀਆਂ ਨੂੰ ਜਿੱਤ ਲੈਣ ਦੀ ਸ਼ਕਤੀ ਰਖਦਾ ਹੈ। [1 ਯੂਹੰਨਾ 5:4]**

ਤੁਸੀਂ ਦੇਖੋਗੇ, ਪਰਮੇਸ਼ੁਰ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਜਿੱਤ ਪ੍ਰਦਾਨ ਕਰਦਾ ਹੈ, ਇਸ ਲਈ ਅਸੀਂ ਹਾਰਨ ਵਾਲੇ ਨਹੀਂ ਹੋ ਸਕਦੇ।ਧਿਆਨ ਨਾਲ ਅਧਿਐਨ ਕਰੋ 1ਯੂਹੰਨਾ 5: 4; ਇਹ ਉਸ ਜਿੱਤ ਦੀ ਗੱਲ ਕਰਦਾ ਹੈ ਜੋ ਇਸ ਸੰਸਾਰ ਨੂੰ ਜਿੱਤ ਲੈਂਦੀ ਹੈ, ਜੋ ਸਾਡਾ ਵਿਸ਼ਵਾਸ ਹੈ। ਵਿਸ਼ਵਾਸ ਦੁਆਰਾ ਜੀਓ; ਤੁਸੀਂ ਕਾਬੂ ਪਾਉਣ ਵਾਲੇ ਹੋ; ਤੁਸੀਂ ਹਾਰਨ ਵਾਲੇ ਨਹੀਂ ਹੋ, ਤੁਸੀਂ ਇਕ ਜੇਤੂ ਜਨਮੇ ਹੋ ਕਿਉਂਕਿ ਤੁਸੀਂ ਪਰਮੇਸ਼ੁਰ ਤੋਂ ਪੈਦਾ ਹੋਏ ਹੋ,ਪਰਮੇਸ਼ੁਰ ਦੀ ਔਲਾਦ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੁੰਦੀ ਹੈ।

# 12
# ਪਵਿੱਤਰ ਆਤਮਾ ਅਤੇ ਤੁਸੀਂ

ਨਵਾਂ ਜਨਮ ਲੈਣਾ, ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਣਾ ਹੈ '
(1 ਕੁਰਿੰਥੀਆਂ 12:13, ਯੂਹੰਨਾ 3: 5-8) ਪਵਿੱਤਰ ਆਤਮਾ ਤੁਹਾਡੇ ਜੀਵਨ ਦਾ ਇਕ ਖ਼ਾਸ ਹਿੱਸਾ ਬਣ ਜਾਂਦਾ ਹੈ, ਇਸ ਲਈ ਤੁਹਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਉਹ ਕੌਣ ਹੈ ਅਤੇ ਆਪਣੀ ਜ਼ਿੰਦਗੀ ਵਿਚ ਉਸ ਦੇ ਕੰਮ ਨੂੰ ਪਛਾਣੋ। ਤੁਹਾਨੂੰ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਕੀ ਦੇਣਾ ਚਾਹੁੰਦਾ ਹੈ, ਤਾਂ ਜੋ ਤੁਸੀਂ ਮਸੀਹ ਵਿੱਚ ਉਪਲੱਬਧ ਭਰਪੂਰ ਜ਼ਿੰਦਗੀ ਦਾ ਅਨੰਦ ਲੈ ਸਕੋ ਅਤੇ ਤੰਦਰੁਸਤੀ ਪ੍ਰਾਪਤ ਕਰੋ (1 ਕੁਰਿੰਥੀਆਂ 12: 8-10) ਅਤੇ ਸ਼ਕਤੀ (ਲੂਕਾ 24:49, ਰਸੂਲਾਂ ਦਾ ਕਰਤਬ 1: 4-8) ਉਸ ਦੁਆਰਾ ਤੁਹਾਡੇ ਲਈ ਉਪਲੱਬਧ ਹੈ।

## ਪਵਿੱਤਰ ਆਤਮਾ ਕੌਨ ਹੈ

ਬਾਈਬਲ ਦੇ ਵੱਖ ਵੱਖ ਹਿੱਸਿਆਂ ਵਿਚ,ਪਵਿੱਤਰ ਆਤਮਾ ਦਾ ਜ਼ਿਕਰ ਹੁੰਦਾ ਹੈ। ਅਸੀਂ ਵੇਖਦੇ ਹਾਂ ਕਿ ਉਸ ਕੋਲ ਬਹੁਤ ਹੀ ਸ਼ਕਤੀਸ਼ਾਲੀ ਅਤੇ ਅਸਚਰਜ ਤਰੀਕੇ ਨਾਲ ਕਰਨ ਦੀ ਯੋਗਤਾ ਹੈ (ਨਿਆਈਆਂ 14: 6,19)

ਨਵੇਂ ਨੇਮ ਵਿੱਚ, ਅਸੀਂ ਉਸਨੂੰ ਵੇਖਦੇ ਹਾਂ ਯਿਸੂ ਦੇ ਜਨਮ, ਸੇਵਕਾਈ ਅਤੇ ਜੀਵਨ ਵਿੱਚ ਹੋਰ ਵੀ ਪ੍ਰਮੁੱਖ (ਲੂਕਾ 4:18).

ਪਵਿੱਤਰ ਆਤਮਾ ਰਸੂਲਾਂ ਦੇ ਕਰਤੱਬ 2:1-4 ਵਿੱਚ ਯਿਸੂ ਦੇ ਚੇਲਿਆਂ ਦੀ ਜ਼ਿੰਦਗੀ ਵਿੱਚ ਕੰਮ ਕਰਦਿਆਂ ਵੇਖਿਆ ਜਾਂਦਾ ਹੈ।

ਉਹ ਪਰਮੇਸ਼ਰ ਹੈ।ਉਹ ਇਲਾਹੀ ਵਿਅਕਤੀ ਹੈ ਅਤੇ ਉਹ ਤ੍ਰਿਏਕ ਦਾ ਤੀਜਾ ਵਿਅਕਤੀ ਹੈ (ਯੂਹੰਨਾ 14:16-17, ਯੂਹੰਨਾ 15:26)

ਉਹ ਸਮੇਂ ਤੋਂ ਪਹਿਲਾਂ ਮੋਜੂਦ ਸੀ(ਉਤਪਤ 1: 2)

ਉਹ ਪ੍ਰਮਾਤਮਾ ਦੀ ਸ਼ਕਤੀ ਦਾ ਪ੍ਰਗਟਾਵਾ ਹੈ।ਦੂਜੇ ਸ਼ਬਦਾਂ ਵਿਚ, ਉਹ ਪਰਮੇਸ਼ੁਰ ਦਾ ਹਿੱਸਾ ਹੈ ਜੋ ਪਿਤਾ ਦੁਆਰਾ ਬੋਲੀਆਂ ਸਾਰੀਆਂ ਗੱਲਾਂ ਨੂੰ ਪੂਰਾ ਕਰਦਾ ਹੈ (ਉਤਪਤ1:1)

ਅਤੇ ਉਹ ਪਿਆਰ ਦੀ ਆਤਮਾ,ਸ਼ਕਤੀ, ਪ੍ਰੇਮ ਅਤੇ ਸੈੈਂ-ਸੰਜ਼ਮ ਹੈ। (2 ਤਿਮੋਥਿਉਸ 1: 7)

ਉਹ ਆਜ਼ਾਦੀ ਦੀ ਆਤਮਾ ਹੈ (2 ਕੁਰਿੰਥੀਆਂ 3:17)

## ਪਵਿੱਤਰ ਆਤਮਾ ਕੀ ਨਹੀਂ ਹੈ?

ਇਹ ਵੀ ਧਿਆਨ ਦੇਣ ਯੋਗ ਹੈ ਕਿ ਪਵਿੱਤਰ ਆਤਮਾ ਇਕ ਤਾਕਤ, ਹਵਾ, ਤੇਲ, ਇਕ ਘੁੱਗੀ ਨਹੀਂ ਹੈ, ਹਾਲਾਂਕਿ ਬਾਈਬਲ ਵਿਚ ਉਸ ਨੂੰ ਇਸ ਤਰ੍ਹਾਂ ਦਰਸਾਇਆ ਗਿਆ ਹੈ।ਉਹ "ਬੋਲੀਆਂ" ਨਹੀਂ ਹੈ ਹਾਲਾਂਕਿ ਉਹ ਬੋਲਣ ਦੀ ਜ਼ੁਬਾਨ ਦਿੰਦਾ ਹੈ।ਉਹ "ਸ਼ਕਤੀ" ਨਹੀਂ ਹੈ, ਪਰ ਉਹ ਸਾਡੇ ਲਈ ਪਰਮੇਸ਼ੁਰ ਦੀ ਸ਼ਕਤੀ ਲਿਆਉਂਦਾ ਹੈ। ਉਹ ਡਰਨ ਦੀ ਗੁਲਾਮੀ ਦਾ ਆਤਮਾ ਨਹੀਂ ਹੈ (ਰੋਮੀਆਂ 8:15)  ਆਜ਼ਾਦੀ ਦੀ (2 ਕੁਰਿੰਥੀਆਂ 3:17)

# ਸਾਨੂੰ ਪਵਿੱਤਰ ਆਤਮਾ ਦੀ ਕਿਉਂ ਲੋੜ ਹੈ?

ਪਵਿੱਤਰ ਆਤਮਾ ਸਾਨੂੰ ਪਰਮੇਸ਼ੁਰ ਦੀ ਸ਼ਕਤੀ ਪ੍ਰਦਾਨ ਕਰਦਾ ਹੈ (ਕਰਤੱਬ 1:8) ਯੂਨਾਨੀ ਸ਼ਬਦ “ਡੁਨਮਿਸ” ਤੋਂ ਅਨੁਵਾਦ ਕੀਤੇ ਗਏ ਇਸ ਸ਼ਬਦ “ਸ਼ਕਤੀ” ਦਾ ਅਸਲ ਅਰਥ ਹੈ “ਤਬਦੀਲੀਆਂ ਲਿਆਉਣ ਦੀ ਗਤੀਸ਼ੀਲ ਯੋਗਤਾ”।ਜਦੋਂ ਪਵਿੱਤਰ ਆਤਮਾ ਸਾਡੇ ਵਿੱਚ ਰਹਿਣ ਲਈ ਆਉਂਦਾ ਹੈ। ਉਹ ਸਾਨੂੰ ਸਾਡੀ ਜ਼ਿੰਦਗੀ ਅਤੇ ਦੂਜਿਆਂ ਦੀ ਜ਼ਿੰਦਗੀ ਵਿਚ ਚੀਜ਼ਾਂ ਬਦਲਣ ਦੀ ਸਮਰੱਥਾ ਦਿੰਦਾ ਹੈ।

ਉਹ ਸਾਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਦਲੇਰੀ ਦਿੰਦਾ ਹੈ (ਮਤੀ28:18-20), ਮਾਰਕ16:15-18);

ਉਹ ਸਾਡੀ ਅਗਵਾਈ ਕਰਦਾ ਹੈ ਅਤੇ ਮਾਰਗ ਦਰਸ਼ਨ ਕਰਦਾ ਹੈ (ਯੂਹੰਨਾ 16:13, ਰੋਮੀਆਂ 8:14)

ਉਹ ਸਾਨੂੰ ਦਿਲਾਸਾ ਦਿੰਦਾ ਹੈ (ਯੂਹੰਨਾ 14:18, ਰਸੂਲਾਂ ਦੇ ਕਰਤੱਬ 9:31)

ਉਹ ਸਾਨੂੰ ਹਦਾਇਤ ਦਿੰਦਾ ਹੈ ਅਤੇ ਸਿਖਾਉਂਦਾ ਹੈ (ਯੂਹੰਨਾ 14:26, 1 ਕੁਰਿੰਥੀਆਂ 2:11-12)

ਉਹ ਸਾਡੇ ਨਾਲ ਚੱਲਦਾ ਹੈ ਅਤੇ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ (ਯੂਹੰਨਾ 14:17).

ਉਹ ਸਾਡੀਆਂ ਰੂਹਾਂ ਨੂੰ ਗਵਾਹੀ ਦਿੰਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਬੱਚੇ ਹਾਂ, ਅਤੇ ਇਸ ਲਈ ਅਸੀਂ ਯਿਸੂ ਮਸੀਹ ਵਿੱਚ ਉਸ ਦੀ ਧਨ-ਦੌਲਤ ਦੇ ਭਾਗੀਦਾਰ ਹਾਂ (ਰੋਮੀਆਂ 8:16)

ਉਹ ਸਾਨੂੰ ਪਰਮੇਸ਼ੁਰ ਤੱਕ ਪਹੁੰਚਣ ਵਿੱਚ ਆਜ਼ਾਦੀ ਦਿੰਦਾ ਹੈ

ਪ੍ਰਮਾਤਮਾ ਜੀਵਤ ਹੈ (ਰੋਮੀਆਂ 8:15,2ਕੁਰਿੰਥੀਆਂ 3:17; 2ਤਿਮੋਥਿਉਸ1:7)

## ਤੁਸੀਂ ਪਵਿੱਤਰ ਆਤਮਾ ਨਾਲ ਰਿਸ਼ਤਾ ਬਣਾ ਸਕਦੇ ਹੋ!

**ਯੂਹੰਨਾ 14:17 ਵਿਚ, ਯਿਸੂ ਕਹਿੰਦਾ ਹੈ ਸਹਾਇਕ ਸੱਚ ਦਾ ਆਤਮਾ ਹੈ। ਇਹ ਦੁਨੀਆਂ ਉਸਨੂੰ ਪ੍ਰਾਪਤ ਨਹੀਂ ਕਰ ਸਕਦੀ। ਕਿਉਂਕਿ ਜਗਤ ਨੇ ਨਾ ਉਸਨੂੰ ਵੇਖਿਆ ਹੈ ਤੇ ਨਾ ਹੀ ਉਸਨੂੰ ਜਾਣਦਾ ਹੈ। ਪਰ ਤੂੰ ਉਸਨੂੰ ਜਾਣਦਾ ਹੈ ਉਹ ਤੇਰੇ ਨਾਲ ਰਹਿੰਦਾ ਹੈ ਅਤੇ ਉਹ ਤੇਰੇ ਅੰਦਰ ਹੋਵੇਗਾ।**

ਉਸ ਨਾਲ ਸਬੰਧ ਬਣਾਉਣਾ ਦਾ ਭਾਵ ਹੈ ਕਿ ਉਸਦੀ ਮੌਜੂਦਗੀ ਨੂੰ ਪਛਾਣਨਾ ਅਤੇ ਆਪਣੀ ਜ਼ਿੰਦਗੀ ਵਿਚ ਉਸਦੀ ਸੇਵਕਾਈ ਨੂੰ ਮੰਨਣਾ। ਇਸ ਲਈ ਤੁਹਾਨੂੰ ਲਾਜ਼ਮੀ ਤੌਰ ਤੇ ਉਸਦੀ ਹਾਜ਼ਰੀ ਵਿੱਚ ਉਸ ਨਾਲ ਗੱਲਬਾਤ ਕਰਨ ਅਤੇ ਉਸਨੂੰ ਇੱਕ ਦੋਸਤ ਵਜੋਂ ਜਾਣਨ ਲਈ ਸਮਾਂ ਬਿਤਾਉਣਾ ਚਾਹੀਦਾ ਹੈ।ਤੁਸੀਂ ਇਹ ਰਿਸ਼ਤਾ ਪ੍ਰਾਰਥਨਾ ਕਰਨ ਲਈ ਸਮਾਂ ਬਿਤਾ ਕੇ ਕਰ ਸਕਦੇ ਹੋ; ਵਚਨ ਦਾ ਅਧਿਐਨ ਕਰਨਾ; ਪਵਿੱਤਰ ਆਤਮਾ ਦੀ ਪ੍ਰੇਰਣਾ ਅਤੇ ਆਦੇਸ਼ ਦਾ ਪਾਲਣ ਕਰਨਾ।

ਜਦੋਂ ਤੁਸੀਂ ਨਵਾਂ ਜਨਮ ਲੈਂਦੇ ਹੋ, ਤਾਂ ਤੁਸੀਂ ਪਰਮੇਸ਼ੁਰ ਦੀ ਆਤਮਾ ਨਾਲ ਬਪਤਿਸਮਾ ਲੈਂਦੇ ਹੋ। ਬਪਤਿਸਮਾ ਲੈਣ ਦਾ ਮਤਲਬ ਹੈ ਪੂਰੀ ਤਰ੍ਹਾਂ ਅੰਦਰ ਡਬੋਣਾ।ਉਦਾਹਰਣ ਦੇ ਲਈ, ਤੁਸੀਂ ਇੱਕ ਰਬੜ ਦੀ ਗੇਂਦ ਲੈ ਸਕਦੇ ਹੋ, ਅਤੇ ਇਸ ਨੂੰ ਪਾਣੀ ਦੇ ਇੱਕ ਵੱਡੇ ਟੱਬ ਵਿੱਚ ਇਸ ਤਰੀਕੇ ਨਾਲ ਡੁਬੋ ਸਕਦੇ ਹੋ ਕਿ ਗੇਂਦ ਪੂਰੀ ਤਰ੍ਹਾਂ ਪਾਣੀ ਨਾਲ ਢੱਕ ਜਾਵੇ।

ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਨਵੇਂ ਜਨਮ ਲੈਂਦੇ ਹੋ: ਤੁਸੀਂ ਉਸ ਗੇਂਦ ਦੀ ਤਰ੍ਹਾਂ ਪਵਿੱਤਰ ਆਤਮਾ ਵਿੱਚ ਲੀਨ ਹੋ ਜਾਂਦੇ ਹੋ। ਪਰ ਤੁਸੀਂ ਜਾਣਦੇ ਹੋ ਕਿ ਗੇਂਦ ਨੂੰ ਪਾਣੀ ਨਾਲ ਢੱਕਣਾ ਇਕ ਚੀਜ ਹੈ ਅਤੇ ਗੇਂਦ ਨੂੰ ਪਾਣੀ ਨਾਲ ਭਰਿਆ ਜਾਣਾ ਅਤੇ ਇਕ ਵੱਖਰੀ ਚੀਜ਼ ਹੈ। ਗੇਂਦ ਪਾਣੀ ਨੂੰ ਚੂਸਣ ਵਾਲੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ, ਜਦੋਂ ਤੁਸੀਂ ਨਵਾਂ ਜਨਮ ਲੈਂਦੇ ਹੋ, ਤੁਹਾਨੂੰ ਪਵਿੱਤਰ ਆਤਮਾ ਤੁਹਾਡੇ ਅੰਦਰ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਉਸ ਨਾਲ ਭਰਪੂਰ ਹੋਣਾ ਚਾਹੀਦਾ ਹੈ।

ਪਵਿੱਤਰ ਆਤਮਾ ਨਾਲ ਭਪਰਣਾ ਇਕ ਵਾਰ ਦਾ ਅਨੁਭਵ ਨਹੀਂ ਜੋ ਜੀਵਨ ਭਰ ਵਿਚ ਇਕ ਵਾਰ ਹੁੰਦਾ ਹੈ। ਇਸ ਦੀ ਬਜਾਏ ਇਹ ਨਿਰੰਤਰ ਰੋਜ਼ਾਨਾ ਤਜ਼ੁਰਬਾ ਹੁੰਦਾ ਹੈ (ਅਫ਼ਸੀਆਂ 5:18)। ਇਹ ਤੁਹਾਡੀ ਸੁੱਧ ,ਪਵਿੱਤਰ ਆਤਮਾ ਦੀ ਮੌਜੂਦਗੀ, ਅਤੇ ਤੁਹਾਡੇ ਜੀਵਨ ਵਿਚ ਉਸ ਦੇ ਸੇਵਕਾਈ ਦੀ ਨਿਰੰਤਰ ਮਾਨਤਾ ਨਾਲ ਸੰਬੰਧਤ ਹੈ। ਤੁਸੀਂ ਨਿਰੰਤਰ ਪਵਿੱਤਰ ਆਤਮਾ ਨਾਲ ਭਰਪੂਰ ਹੋ ਸਕਦੇ ਹੋ, ਜਿਵੇਂ ਕਿ ਤੁਸੀਂ ਉਸ ਨਾਲ ਆਪਣੀ ਸੰਗਤ ਵਿੱਚ ਵਧਦੇ ਹੋ, ਪ੍ਰਸੰਸਾ, ਪ੍ਰਾਰਥਨਾਵਾਂ, ਵਚਨ ਦਾ ਅਧਿਐਨ ਕਰਦੇ ਹੋਏ ਅਤੇ ਨਿਰੰਤਰ ਉਸ ਦੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਅਤੇ ਨਿਰਦੇਸ਼ ਦਿੰਦੇ ਹੋ।ਇਸ ਤਰੀਕੇ ਨਾਲ, ਤੁਸੀਂ ਪਰਮੇਸ਼ੁਰ ਦੀ ਆਤਮਾ ਦੇ ਦੁਆਰਾ ਚੱਲ ਸਕਦੇ ਹੋ।

# ਗ਼ੈਰ ਭਾਸ਼ਾਵਾਂ ਵਿੱਚ ਬੋਲਣਾ

ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ, ਪਵਿੱਤਰ ਆਤਮਾ ਪਰਮੇਸ਼ੁਰ ਦੇ ਬੱਚਿਆਂ ਨੂੰ, ਦੂਜੀਆਂ ਭਾਸ਼ਾਵਾਂ ਵਿੱਚ ਬੋਲਣ ਦੇ ਸ਼ਬਦ ਦਿੰਦਾ ਹੈ।ਇਕ ਸੰਕੇਤ ਜੋ ਪਰਮੇਸ਼ੁਰ ਨੇ ਵਿਸ਼ਵਾਸੀਆਂ ਨੂੰ ਮੰਨਣ ਲਈ ਕਿਹਾ ਸੀ ਉਹ ਇਹ ਹੈ ਕਿ ਉਨ੍ਹਾਂ ਨੂੰ ਨਵੀਂ ਭਾਸ਼ਾਵਾਂ ਨਾਲ ਗੱਲ ਕਰਨੀ ਚਾਹੀਦੀ ਹੈ (ਮਰਕੁਸ 16:17)

ਇਹ ਇੱਕ ਆਤਮਕ ਅਤੇ ਅਲੌਕਿਕ ਯੋਗਤਾ ਹੈ ਜਿਸ ਦੁਆਰਾ ਵਿਸ਼ਵਾਸੀ ਆਪਣੀ ਆਤਮਾ ਦੁਆਰਾ ਪਰਮੇਸ਼ੁਰ ਨਾਲ ਸਿੱਧਾ ਸੰਪਰਕ ਕਰਦਾ ਹੈ ਅਤੇ ਇਹ ਤੁਹਾਨੂੰ ਪਵਿੱਤਰ ਆਤਮਾ ਦੁਆਰਾ ਇੱਕ ਉਪਹਾਰ ਵਜੋਂ ਦਿੱਤਾ ਜਾਂਦਾ ਹੈ। ਹੋਰ ਭਾਸ਼ਾਵਾਂ ਵਿੱਚ ਬੋਲਣ ਨੂੰ ਕਈ ਵਾਰੀ "ਆਤਮਾ ਵਿੱਚ ਪ੍ਰਾਰਥਨਾ" ਕਿਹਾ ਜਾਂਦਾ ਹੈ। ਜਦੋਂ ਅਸੀਂ ਦੂਸਰੀ ਭਾਸ਼ਾਵਾਂ ਵਿੱਚ ਬੋਲਦੇ ਹਾਂ, ਅਸੀਂ ਸਿੱਧੇ ਪਰਮੇਸ਼ੁਰ ਨਾਲ ਗੱਲ ਕਰਦੇ ਹਾਂ (1 ਕੁਰਿੰਥੀਆਂ 14: 4) ਅਤੇ ਸਾਡੀ ਰੂਹ ਸੁਧਾਰੀ ਜਾਂਦੀ ਹੈ ਜਾਂ ਬਣਾਈ ਜਾਂਦੀ ਹੈ (ਯਹੂਦਾਹ 1:20) ਸਾਡੀਆਂ ਰੂਹਾਂ ਨੂੰ ਤਾਕਤ ਅਤੇ ਤਾਜ਼ਗੀ ਮਿਲਦੀ ਹੈ। (ਯਸਾਯਾਹ 40:3)

ਜਦੋਂ ਤੁਹਾਨੂੰ ਪਵਿੱਤਰ ਆਤਮਾ ਪ੍ਰਾਪਤ ਹੋ ਗਿਆ, ਤੁਸੀ ਜਦੋਂ ਵੀ ਚਾਹੋ ਵੱਖੋ ਵੱਖਰੀਆਂ ਭਾਸ਼ਾਵਾਂ ਵਿੱਚ ਬੋਲ ਸਕਦੇ ਹੋ।ਉਹ ਤੁਹਾਡੇ ਰਾਹੀਂ ਨਹੀਂ ਬੋਲਦਾ ਪਰ ਉਹ ਤੁਹਾਨੂੰ ਬੋਲਣ ਦੀ ਸਮਰੱਥਾ ਦਿੰਦਾ ਹੈ।ਇਸ ਲਈ ਤੁਸੀਂ ਪਰਮੇਸ਼ੁਰ ਨਾਲ ਵੱਖੋ ਵੱਖਰੀਆਂ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹੋ ਜਦੋਂ ਤੁਸੀਂ ਚਾਹੋ।

ਜਦੋਂ ਤੁਸੀਂ ਦੂਜੀਆਂ ਭਾਸ਼ਾਵਾਂ ਵਿਚ ਬੋਲਣਾ ਸ਼ੁਰੂ ਕਰਦੇ ਹੋ, ਤਾਂ ਤੁਸੀਂ ਅਭਿਆਸ ਨੂੰ ਜਾਰੀ ਰੱਖਦੇ ਹੋਏ ਵਧੇਰੇ ਪ੍ਰਭਾਵਸ਼ਾਲੀ ਹੋ ਜਾਓਗੇ। ਇਹ ਬਿਲਕੁਲ ਇਕ ਛੋਟੇ ਬੱਚੇ

ਵਾਂਗ ਹੈ ਜੋ ਆਪਣੇ ਪਹਿਲੇ ਕੁਝ ਸ਼ਬਦ ਬੋਲਦਾ ਹੈ।ਉਹ ਜਿੰਨਾ ਜ਼ਿਆਦਾ ਬੋਲਣ ਦਾ ਅਭਿਆਸ ਕਰਦਾ ਹੈ, ਉਨਾ ਸਾਫ਼ ਬੋਲਦਾ ਹੈ।ਇਹ ਇਕ ਨਵੀਂ ਭਾਸ਼ਾ ਹੈ ਅਤੇ ਹਾਲਾਂਕਿ ਤੁਹਾਨੂੰ ਇਸ ਨੂੰ ਸਿੱਖਣ ਦੀ ਜ਼ਰੂਰਤ ਨਹੀਂ ਸੀ, ਜਦੋਂ ਤੁਸੀਂ ਬੋਲਣਾ ਜਾਰੀ ਰੱਖਦੇ ਹੋ ਤਾਂ ਤੁਸੀਂ ਹੋਰ ਸਰਲਤਾ ਨਾਲ ਬੋਲਦੇ ਹੋ।ਅਤੇ ਜਿਵੇਂ ਕਿ ਤੁਸੀਂ ਅਕਸਰ ਵੱਖੋ ਵੱਖਰੀਆਂ ਭਾਸ਼ਾਵਾਂ ਵਿੱਚ ਬੋਲਦੇ ਹੋ, ਇਹ ਤੁਹਾਡੇ ਰੂਹਾਨੀ ਵਿਕਾਸ ਨੂੰ ਵਧਾਏਗਾ ਅਤੇ ਤੁਹਾਨੂੰ ਹੋਰ ਦਾਤਾਂ ਅਤੇ ਪਰਮੇਸ਼ੁਰ ਦੀ ਆਤਮਾਂ ਦਾ ਪ੍ਰਕਾਸ਼ ਹੋਵੇਗਾ।

# 13
# ਤੁਹਾਨੂੰ ਚਰਚ ਜਰੂਰ ਜਾਣਾ ਚਾਹੀਦਾ ਹੈ

ਮੱਤੀ 16:18 ਵਿਚ, ਯਿਸੂ ਨੇ ਆਪਣੀ ਚਰਚ ਦੀ ਗੱਲ ਕੀਤੀ, ਜੋ ਧਰਤੀ ਉੱਤੇ ਉਸ ਦੇ ਸਰੀਰ ਨੂੰ ਦਰਸਾਉਂਦੀ ਹੈ

**(1 ਕੁਰਿੰਥੀਆਂ 12: 5-14)**

**ਇੱਕ ਮਨੁੱਖ ਦਾ ਸ਼ਰੀਰ ਕੇਵਲ ਇੱਕ ਹੈ, ਪਰ ਇਸਦੇ ਕਈ ਅੰਗ ਹਨ। ਹਾਂ, ਇੱਕੋ ਸ਼ਰੀਰ ਦੇ ਕਈ ਅੰਗ ਹੁੰਦੇ ਹਨ, ਪਰ ਇਹ ਸਾਰੇ ਅੰਗ ਕੇਵਲ ਇੱਕ ਸ਼ਰੀਰ ਬਣਾਉਂਦੇ ਹਨ। ਮਸੀਹ ਵੀ ਇਸੇ ਤਰ੍ਹਾਂ ਹੈ।ਸਾਡੇ ਵਿੱਚੋਂ ਕੁਝ ਲੋਕ ਯਹੂਦੀ ਹਨ ਅਤੇ ਕੁਝ ਯੂਨਾਨੀ ਗੈਰ ਯਹੂਦੀ ਹਨ ਸਾਡੇ ਵਿੱਚੋਂ ਕੁਝ ਗੁਲਾਮ ਹਨ ਅਤੇ ਕੁਝ ਆਜ਼ਾਦ ਹਨ। ਪਰ ਸਾਨੂੰ ਇੱਕ ਆਤਮਾ ਰਾਹੀਂ, ਇੱਕ ਸ਼ਰੀਰ ਬਣਨ ਲਈ ਬਪਤਿਸਮਾ ਦਿੱਤਾ ਗਿਆ ਹੈ। ਅਤੇ ਸਾਨੂੰ ਸਾਰਿਆਂ ਨੂੰ ਇਹੀ ਇੱਕ ਆਤਮਾ ਦਿੱਤਾ ਗਿਆ ਹੈ।ਅਤੇ ਇੱਕ ਵਿਅਕਤੀ ਦੇ ਸ਼ਰੀਰ ਦੇ ਇੱਕ ਤੋਂ ਬਹੁਤੇ ਅੰਗ ਹੁੰਦੇ ਹਨ।[1 ਕੁਰਿੰਥੀਆਂ ਨੂੰ 12:12-14]**

ਅਸੀਂ ਸਰੀਰ ਹਾਂ ਅਤੇ ਮਸੀਹ ਸਿਰ ਹੈ। ਸਾਰੇ ਵਿਸ਼ਵਾਸੀ(ਨਵਾਂ ਜਨਮ ਲੈਣ ਵਾਲੇ) ਉਸਦੇ ਸਰੀਰ ਦੇ ਅੰਗ ਹਨ, ਅਤੇ ਇੱਕ ਦੂਜੇ ਦੇ ਹਨ (1 ਕੁਰਿੰਥੀਆਂ 12:27) ਅਤੇ ਜਿਸ ਤਰਾਂ ਮਨੁੱਖ ਦੇ ਸਰੀਰ ਦੇ ਵੱਖੋ ਵੱਖਰੇ ਅੰਗ ਅਲੱਗ-ਅਲੱਗ ਕੰਮ ਨਹੀਂ ਕਰ ਸਕਦੇ, ਉਸੇ ਤਰ੍ਹਾਂ ਮਸੀਹ ਦੇ ਸਰੀਰ ਦੇ ਵੱਖੋ-ਵੱਖਰੇ ਅੰਗ ਆਪਣੇ ਸਰੀਰ ਉੱਤੇ ਪ੍ਰਭਾਵਸ਼ਾਲੀ ਕੰਮ ਨਹੀਂ ਕਰ ਸਕਦੇ। ਇਹ ਇਸ ਲਈ ਹੈ ਕਿ ਪਰਮੇਸ਼ੁਰ ਨੇ ਚਰਚ ਦੇ

ਮੈਂਬਰਾਂ ਨੂੰ ਵੱਖੋ ਵੱਖਰੇ ਤੋਹਫ਼ੇ ਦਿੱਤੇ ਅਤੇ ਬੁਲਾਇਆ, ਤਾਂ ਜੋ ਸਾਰੀ ਚਰਚ ਨੂੰ ਲਾਭ ਹੋਵੇ (1 ਕੁਰਿੰਥੀਆਂ 12: 18-24; ਅਫ਼ਸੀਆਂ 4: 11-12).

ਚਰਚ ਵਿਚ ਜਾਣਾ ਪਰਮੇਸ਼ੁਰ ਦੀ ਆਗਿਆਕਾਰੀ ਮੰਨਣਾ ਹੈ। ਪਰਮੇਸ਼ੁਰ ਸਾਨੂੰ ਵੱਖ-ਵੱਖ ਤੋਹਫ਼ਿਆਂ - ਚਮਤਕਾਰ, ਚੰਗਾ ਕਰਨ, ਭਵਿੱਖਬਾਣੀ ਆਦਿ ਦੇ ਨਾਲ ਬਖਸ਼ਦਾ ਹੈ ਅਤੇ ਸਿਖਾਉਂਦਾ ਹੈ ।ਤੁਸੀਂ ਉਸ ਵਚਨ ਦੀ ਬਿਹਤਰ ਸਮਝ ਪ੍ਰਾਪਤ ਕਰਦੇ ਹੋ ਜੋ ਤੁਹਾਨੂੰ ਸਿਖਾਂਦਾ ਹੈ, ਗਵਾਹੀਆਂ ਸੁਣਦੇ ਹੋ ਅਤੇ ਚਮਤਕਾਰਾਂ ਦੇ ਗਵਾਹ ਬਣਦੇ ਹੋ।ਇਕੱਠੇ ਪ੍ਰਾਰਥਨਾ ਅਤੇ ਅਰਾਧਣਾ ਕਰਨ ਨਾਲ, ਪਵਿੱਤਰ ਆਤਮਾ ਦੀ ਇੱਕ "ਕਾਰਪੋਰੇਟ ਮਸਹ" ਹੁੰਦੀ ਹੈ, ਕਲੀਸਿਯਾ ਦੇ ਹਰੇਕ ਮੈਂਬਰ ਇੱਸਦੀ ਖਾਸ ਤਰੀਕੇ ਨਾਲ ਸੇਵਾ ਕਰਦੇ ਹਣ।

(ਇਬਰਾਨੀਆਂ 10:25; ਰਸੂਲਾਂ ਦੇ ਕਰਤੱਬ 1:14; ਜ਼ਬੂਰ 133: 12)

ਅਗਰ ਤੁਸੀਂ “ਆਤਮਾ ਨਾਲ ਭਰੀ” ਚਰਚ ਵਿਚ ਨਹੀਂ ਜਾ ਰਹੇ ਹੋ ਪਰ ਆਪਣੇ ਆਪ ਵਚਨ ਵਿਚ ਚੱਲਦੇ ਹੋ ਤਾਂ ਇਹ ਉੱਚਾ ਕੰਮ ਹੈ ਅਜਿਹੀ ਚਰਚ ਵਿਚ ਪੂਰੀ ਤਰ੍ਹਾਂ ਹਿੱਸਾ ਲੈਣਾ ਤੁਹਾਨੂੰ ਚਰਚ ਅਤੇ ਉਸਦੇ ਅੰਗਾਂ ਬਾਰੇ ਹੋਰ ਜਾਣਨ ਦੇ ਯੋਗ ਬਣਾਉਂਦਾ ਹੈ।ਤੁਸੀ ਆਪਣੀ ਆਤਮਾ (ਅੰਦਰੂਨੀ ਆਦਮੀ) ਨੂੰ ਵੀ ਵਿਕਸਤ ਕਰਦੇ ਹੋ। ਇਹ ਤੁਹਾਡੇ ਵਚਨ ਵਿਚ ਚੱਲਣ ਨੂੰ ਸੌਖਾ ਅਤੇ ਵਧੇਰੇ ਲਾਭਕਾਰੀ ਬਣਾਉਂਦਾ ਹੈ।

ਇੱਕ ਮਸੀਹੀ ਹੋਣ ਦੇ ਨਾਤੇ, ਤੁਹਾਨੂੰ ਇੱਕ ਸਥਾਨਕ ਅਸੈਂਬਲੀ, ਇੱਕ ਚਰਚ ਨਾਲ ਪਛਾਣ ਕਰਨੀ ਚਾਹੀਦੀ ਹੈ ਨਹੀਂ ਤਾਂ, ਤੁਸੀਂ ਆਪਣੇ ਆਪ ਨੂੰ ਬਹੁਤ ਸਾਰੀਆਂ

ਪਰਮੇਸ਼ੁਰ  ਦੀਆਂ ਅਸੀਸਾਂ ਤੋਂ ਵਾਂਝਾ ਰੱਖੋਗੇ ਅਤੇ ਵਚਨ ਤੋਂ ਅਲੱਗ ਹੋਵੋਗੇ। ਹੁਣ ਜਦੋਂ ਤੁਸੀਂ ਨਵਾਂ ਜਨਮ ਲੈਂਦੇ ਹੋ, ਇਸ ਗੱਲ ਦੀ ਚੇਤਨਾ ਵਿਚ ਰਹੋ ਕਿ ਤੁਸੀਂ ਕੌਣ ਹੋ।

# ਅੱਗੇ ਵੱਧਣਾ

ਬਾਈਬਲ ਕਹਿੰਦੀ ਹੈ ਕਿ ਜਿਵੇਂ ਤੁਸੀਂ ਪਰਮੇਸ਼ੁਰ ਦਾ ਵਚਨ ਸੁਣਦੇ ਹੋ,ਤੁਸੀ ਵਿਸ਼ਵਾਸ ਵੱਧਦੇ ਹੋ।ਮੈਂ ਤੁਹਾਡੇ ਆਤਮਿਕ ਵਿਕਾਸ ਲਈ ਹੇਠ ਦਿੱਤੇ ਸੰਦੇਸ਼ਾਂ ਦੀ ਸਿਫਾਰਸ਼ ਕਰਦਾ ਹਾਂ ਇਹ ਸੰਦੇਸ਼ ਤੁਹਾਨੂੰ ਇਹ ਦਰਸਾਉਣ ਲਈ ਡਿਜ਼ਾਇਨ ਕੀਤੇ ਗਏ ਹਨ ਕਿ ਕਿਵੇਂ ਤੁਸੀਂ ਫਲਦਾਇਕ ਅਤੇ ਉਤਪਾਦਕੋ ਹੋ ਸਕਦੇ ਹੋ ਅਤੇ ਅਜਿਹਾ ਕਰਨ ਲਈ ਤੁਹਾਡੇ ਦਿਲ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ। ਇਹ ਸੰਦੇਸ਼ ਅੱਜ ਹੀ ਪ੍ਰਾਪਤ ਕਰੋ ਅਤੇ ਆਪਣੀ ਜ਼ਿੰਦਗੀ ਵਿਚ ਤਬਦੀਲੀ ਦੇਖੋ।

1. ਹੁਣ ਜਦੋਂ ਤੁਸੀਂ ਨਵਾਂ ਜਨਮ ਲੈਂਦੇ ਹੋ (1 ਟੇਪ)
2.ਮਸਿਹੀਅਤ ਨੂੰ ਸਪਸ਼ਟ ਕਰਨਾ(1 ਟੇਪ)
3. ਵਚਨ ਵਿਚ ਵੱਧਣਾ(1 ਟੇਪ)
4.ਸੰਪੂਰਨਤਾ ਵਿੱਚ ਵਧਣਾ
5.ਆਪਣੀ ਆਤਮਾ ਨੂੰ ਬਣਾਉਨਾ (1 ਟੇਪ)
6. ਆਤਮਾ ਨਾਲ ਭਰਪੂਰ ਹੋਣਾ (1 ਟੇਪ)
7. ਵਚਨ ਵਿਚ ਜਿੱਤ (1 ਟੇਪ)
8. ਮਸਿਹ ਵਿੱਚ ਜੀਵਣ:ਨਵਾਂ ਸੂਪਰਮੈਨ
9.ਮਸਿਹ ਵਿੱਚ ਨਵਾਂ ਮਨੁੱਖ :ਇਕ ਪਛਾਣ

For additional information about the ministry and materials by Pastor Chris Oyakhilome, please contact:


***United Kingdom:***
Believers' LoveWorld
Unit C2, Thames View
Business Centre
Barlow Way, Rainham
Essex, RM13 8BT
Tel: +44(0)170 855 6604

***South Africa:***
303 Pretoria Avenue
Cnr. Harley and Bram Fischer,
Randburg, Gauteng, South Africa.
Tel:+27-11-326 0971,
+27-11-326 0972

***Nigeria:***
Christ Embassy
Plot 97, Durumi District,
Abuja, Nigeria.

LoveWorld Conference Center
Kudirat Abiola Way, Oregun
P.O. Box 13563 Ikeja, Lagos.
Tel: +234-817 198 7339
+234-802 478 9892-3

email: info@loveworldbooks.org
website: www.loveworldbooks.org


*Please include your testimony or help received from this book when you write.*

*Your prayer requests are also welcome.*

## ਲੇਖਕ ਦੇ ਬਾਰੇ

ਕ੍ਰਿਸ ਓਆਖਿਲੋਮ ਡੀਐਸ ਡੀਡੀ. ਲਵਵਰਲਡ ਇਨਕਾਰਪੋਰੇਸ਼ਨ ਦਾ ਪ੍ਰਧਾਨ ਹੈ, ਇਹ ਇੱਕ ਗਤੀਸ਼ੀਲ, ਬਹੁਪੱਖੀ, ਵਿਸ਼ਵਵਿਆਪੀ ਸੇਵਕਾਈ ਹੈ। ਇੱਕ ਪਾਦਰੀ, ਅਧਿਆਪਕ, ਚੰਗਾਈ ਦੀ ਸੇਵਕਾਈ ਦਾ ਮਿਨਿਸਟਰ ,ਟੈਲੀਵੀਜ਼ਨ ਹੋਸਟ ਹੋਣ ਦੇ ਨਾਤੇ ਅਤੇ ਸਭ ਤੋਂ ਵੱਧ ਵਿਕਣ ਵਾਲੇ ਲੇਖਕ, ਪਾਸਟਰ ਕ੍ਰਿਸ।ਪਾਸਟਰ ਦਾ ਜਨੂੰਨ ਹੈ ਕਿ ਉਹ ਵਿਸ਼ਵ ਦੇ ਲੋਕਾਂ ਤੱਕ ਪਰਮੇਸ਼ੁਰ ਦੀ ਹਜ਼ੂਰੀ ਪਹੁੰਚਾਣ। ਇਸ ਕਾਰਜ ਨੂੰ 30 ਸਾਲਾਂ ਤੋਂ ਵੱਧ ਸਮੇਂ ਤੋਂ ਪੂਰਾ ਕਰ ਰਹੇ ਹਨ ਅਤੇ ਲੱਖਾਂ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਵਿੱਚ ਜਿੱਤ ਅਤੇ ਮਕਸਦ ਭਰੀ ਜ਼ਿੰਦਗੀ ਦਾ ਤਜਰਬਾ ਕਰਨ ਵਿੱਚ ਸਹਾਇਤਾ ਕੀਤੀ।

ਉਹ ਇੱਕ ਵਿਲੱਖਣ ਲੇਖਕ ਹੈ, "ਰੈਫਸਿਡੀ ਆਫ਼ ਰਿਐਲਿਟੀਜ਼" ਦੇ ਲੇਖਕ।ਦੁਨੀਆ ਦੀ #1 ਡੇਲੀ ਡਿਵੋਸ਼ਨ, 242 ਦੇਸ਼ਾਂ ਵਿੱਚ, ਦੁਨੀਆਂ ਭਰ ਵਿੱਚ 1,000 ਤੋਂ ਵੱਧ ਭਾਸ਼ਾਵਾਂ ਵਿੱਚ ਮਹੀਨੇਵਾਰ ਵੰਡੀ ਜਾਂਦੀ ਹੈ, ਉਸਨੇ 30 ਤੋਂ ਵੱਧ ਹੋਰ ਕਿਤਾਬਾਂ ਵੀ ਲਿਖੀਆਂ ਹਨ।

ਪਾਸਟਰ ਕ੍ਰਿਸ ਓਨਲਾਇਨ ਪ੍ਰਾਰਥਨਾ ਨੈਟਵਰਕ (@pastorChrisLive on kings chat) ਜਿੱਥੇ ਦੁਨੀਆ ਭਰ ਦੇ ਕ੍ਰਿਸ਼ਚਨ ਪ੍ਰਾਰਥਨਾ ਅਤੇ ਮਥਅਸਤੀ
ਲਈ ਜੁੜਦੇ ਹਨ, ਅਤੇ "ਐਟਮੋਸਫੀਅਰ ਆਫ ਮਿਰੇਕਲਸ", ਇੱਕ ਪੇਸਗ੍ਰਾਮ ਦੇ ਮੇਜ਼ਬਾਨ ਹਨ ਜੋ ਤੁਹਾਡੇ ਘਰ ਵਿੱਚ ਪ੍ਰਮਾਤਮਾ ਦੀ ਇਲਾਹੀ ਮੌਜੂਦਗੀ ਨੂੰ ਲਿਆਉਂਦਾ ਹੈ। ਉਸ ਦੇ ਟੈਲੀਵਿਜ਼ਨ ਮੰਤਰਾਲੇ ਦਾ ਦਾਇਰਾ ਵਿਸ਼ਵ ਭਰ ਵਿੱਚ ਲਵ ਵਰਲਡ ਸੈਟੇਲਾਈਟ ਟੈਲੀਵਿਜ਼ਨ ਨੈਟਵਰਕ ਨਾਲ ਫੈਲਿਆ ਹੋਇਆ ਹੈ ਜੋ ਵਿਸ਼ਵ ਦੇ ਦਰਸ਼ਕਾਂ ਨੂੰ ਗੁਣਾਤਮਕ ਮਸੀਹੀ ਪ੍ਰੋਗਰਾਮ ਪ੍ਰਦਾਨ ਕਰਦਾ ਹੈ। ਵਿਸ਼ਵ-ਪ੍ਰਸਿੱਧ ਹੀਲਿੰਗ ਸਕੂਲ ਪਾਸਟਰ ਕ੍ਰਿਸ ਦਾ ਇੱਕ ਸੇਵਕਾਈ ਹੈ ਜੋ ਯਿਸੂ ਮਸੀਹ ਦੇ ਕੰਮਾਂ ਨੂੰ ਦਰਸਾਉਂਦਾ ਹੈ, ਅਤੇ ਬਹੁਤ ਸਾਰੇ ਲੋਕਾਂ ਨੂੰ ਆਤਮਾ ਦੇ ਤੋਹਫ਼ਿਆਂ ਦੇ ਉਪਯੋਗ ਦੁਆਰਾ ਚੰਗਾਈ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦਾ ਹੈ।